# ਵਤਨੋਂ ਦੂਰ



ਜਨਵਰੀ ਫਰਵਰੀ 1983 ; ਦੋ ਡਾਲਰ

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | January-February 1983 | Vol. 10 No. 94

Editor:
Surinder Dhanjal
(Grande Prairie, Alberta, 539-9614)

Advertising & Circulation Board:

Satwant Deepak, Edmonton .................... 469-2444
Laat Bhinder, Edmonton .................... 435-7469
Paul Binning, Vancouver .................... 879-3339
Iqbal Ramuwalia, Toronto .................... 745-7326

Watno Dur Representatives

- British Columbia, Canada:

Sadhu, Burnaby .................... 437-9014
Sukhwant Hundal, Vancouver .................... 321-9221
Amarjit Chahal, Surrey .................... 581-0406
Ajmer Rodey, Vancouver .................... 438-7793
Inderjit Rode, Vancouver .................... 435-3953
Avtar Rodhey, Quesnel .................... 992-7578
Tej Sandhu, Quesnel .................... 992-6775
Dave Jatana, Pr. Rupert .................... 627-7209
J.S. Aulakh, Mission .................... 826-4888
J.S. Jatana, Ft. Nelson .................... 774-6308

- Alberta, Canada:

Avtar Gill, Sherwood Pk .................... 464-3851
K.S. Chaman, Calgary .................... 248-2841

- India:

Surinder Kailay, Ludhiana
Kulbir Suri, Amritsar

## ਇਸ ਅੰਕ ਵਿੱਚ

ਕਵਿਤਾਵਾਂ • ਹਿੰਦੁਸਤਾਨ : ਸੰਤ ਰਾਮ ਉਦਾਸੀ
• ਕੈਨੇਡਾ : ਸੁਖਿੰਦਰ, ਸੁਰਿੰਦਰ ਧੰਜਲ, ਇਕਬਾਲ ਰਾਮੂਵਾਲੀਆ, ਇੰਦਰੇਸ਼, ਦੇਵਿੰਦਰ ਸਿੰਘ ਸੇਖੋਂ
• ਅਮਰੀਕਾ : ਹਰਮਿੰਦਰ
• ਇੰਗਲੈਂਡ : ਜਗਤਾਰ ਢਾਅ

ਕਹਾਣੀਆਂ • ਕੈਨੇਡਾ : ਸਾਧੂ, ਤੇਜ ਸੰਧੂ
ਸਥਾਈ ਕਾਲਮ • ਕੈਨੇਡਾ:
– ਦੂਰੋਂ ਨੇੜਿਓਂ (ਸੁਖਵੰਤ ਹੁੰਦਲ, ਅਮਰਜੀਤ ਚਾਹਲ, ਸਾਧੂ, ਦੀਪਕ)
– ਸਾਹਿੱਤ ਸਮਾਚਾਰ (ਸੁਰਿੰਦਰ ਧੰਜਲ)
– ਵਤਨ ਦੀ ਵਾਅ (ਲਾਟ ਭਿੰਡਰ)
ਲੇਖ • ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ (ਮੋਹਨਜੀਤ, ਦਿੱਲੀ)

ਮੁੱਖ-ਚਿਤਰ: ਕਮਲਜੀਤ ਮਾਂਗਟ
(GRANDE PRAIRIE)

- **ANNUAL SUBSCRIPTION**
- Canada/U.S.A.: $10.00; other Countries: $15.00 (By Air) (Cheques, Drafts, Money-orders payable to 'WATNO DUR' should be sent to Edmonton, Alberta or Vancouver, B.C. in Canada.
- Special Rates for readers in INDIA (Annual: Rs 10/-); send directly to: Surinder Kailay, 9-D Sarabha Nagar, LUDHIANA -141001, Panjab, India.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਗੁਰੂ ਗੋਬਿੰਦ ਸਿੰਘ

- ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ ॥
  ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ॥
  (ਜ਼ਫ਼ਰਨਾਮਾ)
- ਜਬੈ ਬਾਨ ਲਾਗਯੋ ॥ ਤਬੈ ਰੋਸ ਜਾਗਯੋ ॥
- ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
  ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ॥
  ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ॥
  ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ॥
  (ਬਚਿਤ੍ਰ ਨਾਟਕ)
- ਦੇਹਿ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ।
  ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ।
  ਅਰ ਸਿਖ ਹੋਂ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਣ ਤਉ ਉਚਰੋਂ ।
  ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈ ਤਬ ਜੂਝ ਮਰੋਂ ।
- ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।
- ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥
  ਤੁਧ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ ॥
  ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ ॥
  ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ ॥
  (ਖਿਆਲ)
- ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
  ਨਹੀਂ ਮੋ ਸੇ ਗਰੀਬ ਕਰੋਰ ਪਰੇ ।
- ਜੋ ਹਮ ਕੋ ਪਰਮੇਸਰ ਉਚਰਿਹੈਂ ॥
  ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥
  (ਬਚਿਤ੍ਰ ਨਾਟਕ)
- ਭੇੜੋਂ ਕੋ ਮੈਂ ਸ਼ੇਰ ਬਨਾਊਂ । ਗਜਨ ਕੇ ਸੰਗ ਰੰਕ ਲੜਾਊਂ ।
  ਭੂਪ ਗਰੀਬਨ ਕੋ ਕਹਲਾਊਂ। ਚਿੜੀਓਂ ਸੇ ਮੈਂ ਬਾਜ ਤੁੜਾਊਂ ।
  ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।
- ਰੇ ਮਨ ਐਸੋ ਕਰਿ ਸੰਨਿਆਸਾ ॥
  ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥
  (ਸ਼ਬਦ ਹਜ਼ਾਰੇ)
- ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
  ਮਮ ਪ੍ਰਤਿਪਾਰਣ ਜੈ ਤੇਗੰ ॥
  (ਬਚਿਤ੍ਰ ਨਾਟਕ)

# ਸੰਤ ਰਾਮ ਉਦਾਸੀ ਦੀਆਂ ਦੋ ਰਚਨਾਵਾਂ

## 1. ਗੀਤ

ਮਾਲੀਆ ਵੇ! ਅੱਖੀਆਂ ਨੂੰ ਬੂਰ ਪੈ ਗਇਆ ਵੇ ਤਾਹੀਓਂ ਤੋੜਿਆਂ ਨੇ ਕਲੀਆਂ ਦੇ ਭਾਰਾਂ ।
ਕਿਹੜਿਆਂ ਮੱਟਾਂ ਨੂੰ ਢਕ ਲਾ ਕੇ ਪੀਤਿਆਂ ਵੇ ਤੈਨੂੰ ਅਜੇ ਵੀ ਨਾ ਲੱਥੀਆਂ ਖ਼ੁਮਾਰਾਂ ।
ਸਾਊਆਂ ਵਾਂਗੂ ਬੈਠੇ ਨੇ ਸਮਾਧੀ ਲਾਕੇ 'ਬੱਗੇ' ਤੈਨੂੰ ਐਵੇਂ ਸਿੱਧੀ ਜਾਪਦੇ ਨੇ ਊਂਘਦੇ ।
ਮੁਰਖੋ ਜਿਹੜੇ ਪੁਰਲੀ ਦਿਆਂ ਫੁੱਲਾਂ ਵਾਂਗੂ ਜਾਪਦੇ ਨੇ ਪੈਰ ਤੇਰੇ ਉਹਨਾਂ ਹੀ ਵਲੂੰਧਰੇ ।
ਐਵੇਂ ਗੜੇ ਮੋਰਿਆਂ ਦੇ ਸਿਰ ਲਗਦਾ ਵੇ ਤੇਰਾ ਲੁੱਟਿਆ ਹੀ ਚਮਨ ਬਹਾਰਾਂ। ਕਿਹੜਿਆਂ...
'ਰੰਬ' ਨਾਲ ਜੁੜੇ ਬੰਗਲੇ ਵੇਖ ਲਈਂ ਜੇ ਤੂੰ ਪੱਗ ਲਥਵਾਉਣੀ ।
ਇਹਨਾਂ 'ਚ ਵਸੇਬੇ ਦੇ ਲਈ ਤੂੰ ਅਜੇ ਪੌੜੀ ਲਈ ਫਿਰਦੈਂ ਵੇ ਬੌਣੀ।
ਅੱਜ ਦੀਆਂ ਸੌੜਿਆਂ ਨੂੰ ਗਈਆਂ ਵੇ ਪੰਜੀਂ ਸਾਲੀਂ ਪਰਤਣ ਸਰਕਾਰਾਂ । ਕਿਹੜਿਆਂ...
ਤੇਰੀ 'ਮਹਿੰਗੇ ਭਾਅ ਦੀ' ਜੂਨ ਨੂੰ ਭਲਾ ਚੀਜ਼ ਕਿਵੇਂ ਵੇਚ ਦੇਣ 'ਸਸਤੀ' ।
ਨੀਤ ਨਾ ਤੂੰ ਮਹਿਲਾਂ 'ਚ ਰੱਖੇਂ ਪੱਕੀ ਹੋਜੂ ਤੇਰੀ ਹਰੀਜਨ ਬਸਤੀ।
(ਪੀਲੇ) ਕਾਟਾਂ ਉੱਤੇ ਸਿਲੂ ਰਹਿਜ਼ਾ ਵੇ ਲੁੱਟ ਖਾਧਾ ਤੈਨੂੰ ਐਵੇਂ ਸੀ ਕਮਾੜਾਂ । ਕਿਹੜਿਆਂ...
ਕੱਲ੍ਹ ਤੂੰ ਪਸੱਚੀ ਪੱਟਤੀ ਲੱਗੀ ਦਿੱਲੀ ਸਰਕਸ ਸੁਣ ਇੰਜਣੀ ।
"ਕਾਇਦੇ ਦੀ ਕਿਤਾਬ" ਜਿਸਦੀ ਕਹਿੰਦੇ ਹੰਝੂਆਂ ਦੇ ਪਾਣੀ ਨਾ ਨੀ ਭਿਜਦੀ।
ਅੱਖਾਂ ਵੀ ਤਿਲਕ ਜਾਂਦੀਆਂ ਵੇ ਏਦਾਂ ਬੰਦੀਆਂ ਨੇ ਸੀਰਦੀਆਂ ਦੀਵਾਰਾਂ। ਕਿਹੜਿਆਂ...
ਜਿੰਨੇ 'ਰਾਠ' ਤੇਰੇ ਦੇਸ਼ ਦੇ ਆਪੋ ਆਪਣੇ ਨੇ "ਮੱਲ" ਪਾਲੀ ਜਾਂਦੇ।
ਤੇਰੇ ਲਈ "ਘੋਲ" ਹੋਵਣਾ ਦੱਸੂ 'ਰੇੜੂਆ' ਭੜਾਕੇ ਕਿਵੇਂ ਪਾਂਦੇ।
ਕਿਵੇਂ ਸਮਝਾਵਾਂ ਸਾਥੀਆ ਵੇ ਜੇ ਇਹ ਜਿੱਤਗੇ ਤਾਂ ਤੇਰੀਆਂ ਨੇ ਹਾਰਾਂ। ਕਿਹੜਿਆਂ...

## 2. ਰੇਖਾ ਚਿੱਤਰ
(ਕਾ: ਨਿਰਮਲਾ ਰੈਡੀ ਦੇ ਨਾਂ)

ਇੱਕ ਮੁਜ਼ਾਹਰੇ ਵਿੱਚ ਇੱਕ ਕੁੜੀ ਕੁਸੈਲ ਜਿਹੀ। ਗੱਲ ਕਰੇ ਤਾਂ ਧੋਂਦੀ ਮਨ ਦੀ ਮੈਲ ਜਿਹੀ।
ਹੋਇਆ ਕੀ ਜੇ ਪੈਰ ਬਿਆਈਆਂ ਪਾਟੇ ਸੀ, ਪਰ ਤੋਰ ਸੀ ਉਹਦੀ ਟੈਂਕਾਂ ਦੇ ਜਰਨੈਲ ਜਿਹੀ।
ਭਾਵੇਂ ਤਨ ਤੇ ਲੀਰਾਂ ਦਾ ਪਹਿਰੇਵਾ ਸੀ, ਪਰ 'ਵਾਜ਼ ਸੀ ਉਸਦੀ ਸਭ 'ਵਾਜ਼ਾਂ ਦੀ ਪਹਿਲ ਜਿਹੀ।
ਤਨ ਸੀ ਭਾਵੇਂ ਸੁੱਕ ਪੁਰਾਣਾ ਬੇਰੀ ਦਾ, ਪਰ ਉਹਦੀ ਬਾਂਹ ਫੁਟਦੀ ਜਾਪੇ ਵੇਲ ਜਿਹੀ।
ਇੱਕ ਹੱਥ ਝੰਡਾ ਦੂਜੇ ਮੁੱਕਾ ਜਿਉਂ ਖੰਡਾ, ਸਾਵੀਂ ਸੀ ਧਰਤੀ ਦੇ ਪੋਲੇ ਬੇਲ ਜਿਹੀ।
ਲਗਦਾ ਸੀ ਕਿ ਚਾਹੁਣ ਉਹਦੇ ਬੰਨ੍ਹ ਤੋੜਨਗੇ, ਇਉਂ ਲਗਦੀ ਸੀ ਲਹਿਰਾਂ ਤੇ ਉਹ ਸੈਲ ਜਿਹੀ।
ਉਸ ਵੱਲ ਕੋਈ ਅੱਖ ਵੀ ਨਾ ਸੀ ਚੁੱਕ ਸਕਦਾ, ਸਭ ਦਿੰਹਦੇ ਸਨ ਜਿਉਂ ਸਾਂਝੀ ਉਹ ਜ਼ੈਲ ਜਿਹੀ।
ਬਾਂਹ ਚੁਕਦੀ ਤਾਂ ਉਠਦੀ ਧਾਂਗੜ ਬਾਗਾਂ ਦੀ, ਹਿੱਕ ਸੀ ਉਸਦੀ ਦਰਿਆ ਵਾਂਗੂ ਫੈਲ ਗਈ।
ਉਹ ਬੋਲੇ ਘਨਘੋਰ ਘਟਾ ਜਿਉਂ ਗਜਦੀ ਸੀ, ਮੈਂਥੋਂ ਵੀ ਨਾ ਸਾਂਭ ਹੋਈ ਸੀ ਪੈਲ ਜਿਹੀ।
ਉਸਨੇ ਸ਼ਾਇਦ ਧੁੱਪ 'ਤੇ ਰੂਪ ਰੰਗਾਇਆ ਸੀ, ਤਾਹੀਓਂ ਲਗਦੀ ਲੋਆਂ ਦੀ ਮੁਟਿਆਰ ਜਿਹੀ।
ਨਸ਼ਾ ਜਿਹਾ ਸੀ ਗੀਤ ਉਹਦੇ ਨਾਂ ਲਾਵਣ ਦਾ, ਮੈਨੂੰ ਵੀ ਉਹ ਲੱਗ ਗਈ ਸੀ ਵੈਲ ਜਿਹੀ।
ਮੇਰੇ ਬੂਹੇ ਅੱਗਿਓਂ ਵੀ ਜਦ ਲੰਘੀ ਉਹ, ਮੈਂ ਵੀ ਕਰ ਨਾ ਸਕਿਆ ਉਸਦੀ ਟਹਿਲ ਜਿਹੀ।

---

## ਸਮਰਪਣ

ਜੁਲਾਈ 1982 ਵਿੱਚ ਦੋ ਸੰਗਰਾਮੀ ਸਾਹਿੱਤਕਾਰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਜਿੱਥੇ ਸੁਤੰਤਰਤਾ-ਸੰਗਰਾਮੀ ਸੋਹਣ ਸਿੰਘ ਜੋਸ਼ ਦੀ ਪੰਜਾਬੀ ਸਾਹਿੱਤ ਨੂੰ ਅਤੇ ਆਂਧਰਾ ਪ੍ਰਦੇਸ਼ ਦੇ ਇਨਕਲਾਬੀ ਕਵੀ ਚੇਰਾਬੰਡ ਰਾਜੂ ਦੀ ਤੈਲਗੂ ਸਾਹਿੱਤ ਨੂੰ ਵਡਮੁੱਲੀ ਦੇਣ ਹੈ, ਉੱਥੇ ਇੰਨ੍ਹਾਂ ਮਹਾਨ-ਸਖ਼ਸ਼ੀਅਤਾਂ ਦਾ ਇਨਕਲਾਬੀ ਜਨਤਕ-ਲਹਿਰਾਂ ਵਿੱਚ ਵੀ ਅਭੁੱਲ ਯੋਗਦਾਨ ਹੈ। ਅਸੀਂ ਇੰਨ੍ਹਾਂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹੋਏ ਵਤਨੋਂ ਦੂਰ ਇਹ ਅੰਕ ਇੰਨ੍ਹਾਂ ਨੂੰ ਸਮਰਪਿਤ ਕਰਦੇ ਹਾਂ।

ਅਗਲੇ ਅੰਕ ਵਿੱਚ ਇੰਨ੍ਹਾਂ ਦੋਹਾਂ ਦੇ ਜੀਵਨ-ਦਰਸ਼ਨ ਅਤੇ ਸਾਹਿੱਤਕ-ਯੋਗਦਾਨ ਬਾਰੇ ਚਰਚਾ ਕੀਤੀ ਜਾਵੇਗੀ।

# ਸੁਖਿੰਦਰ ਦੀਆਂ ਪੰਜ ਕਵਿਤਾਵਾਂ

## 1. ਉਹ ਉੱਚੀਆਂ ਅਤੇ ਸ਼ਾਨਦਾਰ ਇਮਾਰਤਾਂ

ਇੱਕ ਗਹਿਰੀ ਧੁੰਦ ਵਿੱਚ
ਡੁੱਬ ਚੁੱਕੀਆਂ ਹਨ
ਸ਼ਹਿਰ ਦੀਆਂ, ਉਹ ਸਭੇ ਹੀ
ਉੱਚੀਆਂ ਅਤੇ ਸ਼ਾਨਦਾਰ ਇਮਾਰਤਾਂ

ਤੇ ਇਨ੍ਹਾਂ ਉੱਤੇ
ਪਹਿਰਾ ਦੇ ਰਹੇ
ਖ਼ੂਨੀ ਹੱਥਾਂ ਤੋਂ ਤਰਦਾ
ਇਨ੍ਹਾਂ ਦਾ ਰੱਬ
ਕਦੀ ਵੀ ਨ ਪਰਤਣ ਦੀ ਸਹੁੰ ਖਾਹ
ਕਿਸੇ ਬੇਗਾਨੇ ਦੇਸ ਤੁਰ ਗਿਆ ਹੈ

ਪਥਰੀਲੇ ਮੀਨਾਰਾਂ
ਰੰਗਦਾਰ ਸ਼ੀਸ਼ਿਆਂ ਵਾਲੀਆਂ ਖਿੜਕੀਆਂ
ਤੇ ਸੁਨਹਿਰੀ ਗੁੰਬਦਾਂ ਵਾਲੀਆਂ
ਇਨ੍ਹਾਂ ਉਚੀਆਂ ਇਮਾਰਤਾਂ 'ਚੋਂ
ਆਦਮਖੋਰ ਗਿਰਝਾਂ ਵਾਂਗ ਝਾਕਦੇ
ਇਹ ਖ਼ੂਨੀ ਹੱਥ
ਪਸਰ ਰਹੇ ਹਨ
ਮਹਾਂ ਅਜਗਰਾਂ ਵਾਂਗ ਦਹਾੜਦੇ ਹੋਏ
ਧਰਤੀ ਦੇ ਚੱਪੇ ਚੱਪੇ ਉੱਤੇ
ਮਨੁੱਖੀ ਖੋਪਰੀਆਂ ਦੀ ਭਾਲ ਵਿੱਚ

ਲਿਬਨਾਨ, ਈਰਾਨ, ਕੰਬੋਡੀਆ, ਅਫ਼ਗਾਨਿਸਤਾਨ
ਧਰਤੀ ਦੇ ਕਿਸੇ ਵੀ
ਹਿੱਸੇ 'ਤੇ ਹੱਥ ਰੱਖੋ
ਧੁਖਦੀ ਅੱਗ ਵਾਂਗੂ
ਇਨ੍ਹਾਂ ਆਦਮ ਦੇ ਜਾਇਆਂ ਦਾ
ਇਤਿਹਾਸ ਜਾਗ ਪਵੇਗਾ

ਸਦੀਆਂ ਤੋਂ ਬੰਦ
ਸਾਡੇ ਹੋਠ, ਅੱਜ ਵੀ
ਚੁੱਪ ਦੀ ਭਾਸ਼ਾ ਵਿੱਚ ਹੀ ਬੋਲਦੇ ਨੇ
ਮੁਏ :

ਇਸ ਰੰਗ ਬਰੰਗੇ ਗੋਲੇ ਨੂੰ
ਭਾਵੇਂ ਹਜ਼ਾਰ ਵਾਰ ਪਰਤਾਓ
ਇਸ ਦਾ ਤਾਂ ਕੇਵਲ
ਰੰਗ ਹੀ ਬਦਲੇਗਾ
ਜੇ ਨਹੀਂ ਬਦਲੇਗਾ
ਤਾਂ ਸਾਡਿਆਂ ਇਮਾਰਤਾਂ ਵਿੱਚ
ਸਦੀਆਂ ਤੋਂ ਉੱਕਰੇ
ਉਨ੍ਹਾਂ ਫ਼ਿਰਕੂ-ਜਨੂਨੀ ਨਕਸ਼ਿਆਂ ਦਾ ਰੰਗ
ਜਿਨ੍ਹਾਂ ਵਿੱਚ ਢਲ ਗਏ ਨੇ
ਬੇਘਰ
ਸਾਡੀਆਂ ਧੀਆਂ
ਸਾਡੇ ਬੱਚੇ
ਸਾਡੇ ਅੰਗ –

ਇੱਕ ਗਹਿਰੀ ਧੁੰਦ ਵਿੱਚ
ਡੁੱਬ ਚੁੱਕੀਆਂ ਹਨ
ਸ਼ਹਿਰ ਦੀਆਂ, ਉਹ ਸਭੇ ਹੀ
ਉੱਚੀਆਂ ਅਤੇ ਸ਼ਾਨਦਾਰ ਇਮਾਰਤਾਂ।

●

## 2. ਸੰਘਣੀ ਧੁੰਦ ਦਾ ਪਰਦਾ ਹੈ

ਸੰਘਣੀ ਧੁੰਦ ਦਾ ਪਰਦਾ ਹੈ, ਹੁਣ
ਤੇਰੇ ਤੇ ਮੇਰੇ ਵਿਚਕਾਰ

ਇੱਕ ਉਹ ਵੀ ਦਿਨ ਸੀ
ਪਹਿਲੀ ਵੇਰ ਜਦ
ਇੱਕ ਦੂਜੇ ਨੂੰ ਤੱਕ
ਸਾਡੇ ਚਿਹਰਿਆਂ ਉੱਤੇ
ਅੱਧਾਏ ਬਾਲ ਦੀ
ਕਹਿਕਹੇ ਵਰਗੀ
ਨਿਰਛਲ ਮੁਸਕਰਾਹਟ
ਫੈਲ ਗਈ ਸੀ
ਅਸਾਂ ਇੱਕ ਦੂਜੇ ਦਾ ਰੱਬ ਘੁੱਟ
ਅੱਖਾਂ ਹੀ ਅੱਖਾਂ 'ਚੋਂ
ਊਸ਼ਾ ਦੀ ਪਹਿਲੀ ਕਿਰਨ ਵਰਗਾ
ਜ਼ਿੰਦਗੀ ਦੇ ਸਫ਼ਰ ਦਾ
ਇਕਰਾਰਨਾਮਾ ਪੜ੍ਹ ਲਿਆ ਸੀ

ਤੇ ਫਿਰ, ਹੁਣ
ਜਦ ਸਦੀਆਂ ਲੰਘੀ
ਇਤਿਹਾਸ ਦੀ ਸੜਕ ਉੱਤੇ
ਅਸੀਂ, ਆਪਣੇ ਕਦਮਾਂ ਦੇ ਨਿਸ਼ਾਨ
ਉੱਕਰ ਆਏ ਹਾਂ
ਤਾਂ ਤੇਰੇ ਹੋਠਾਂ 'ਚੋਂ ਕਿਰਦਾ
ਉਹ ਤਲਿਸਮੀ ਹਾਸਾ
ਕਿਤੇ ਵੀ ਨਜ਼ਰ ਨਹੀਂ ਆਉਂਦਾ

ਬੱਸ ! ਨਜ਼ਰ ਆਉਂਦਾ ਹੈ, ਤਾਂ
ਤੇਰੀਆਂ ਨਜ਼ਰਾਂ 'ਚ

ਇੱਕ ਲਟਕਦਾ ਖੰਜਰ
ਮੇਰੇ ਖ਼ੂਨ ਵਿੱਚ
ਲੱਥਪੱਥ ਹੋ ਜਾਣ ਲਈ ਕਾਹਲਾ
ਮਸ਼ੀਨੀ ਜੁੱਗ ਦੇ ਤੋਹਫ਼ੇ ਲਈ
ਜਾਂ ਜਦੋਂ ਤੂੰ ਆਉਂਦੈਂ - ਦਨਦਨਾਂਦਾ
ਆਦਮ-ਬੋ, ਆਦਮ-ਬੋ ਕਰਦਾ
ਜ਼ਹਿਰੀਲੇ ਨਾਗ ਵਾਂਗ ਫੁੰਕਾਰੇ ਮਾਰਦਾ ਹੋਇਆ
ਮੇਰੇ ਘਰ, ਖੇਤ, ਮਿੱਟੀ 'ਚ ਰੋਲਣ ਲਈ
ਮੇਰੀ ਬੀਵੀ, ਮੇਰੇ ਬੱਚੇ, ਮੇਰੇ ਅੰਗ
ਕਿਸੇ ਸੰਗੀਨ ਦੀ ਨੋਕ ਉੱਤੇ ਤੋਲਦਾ ਹੋਇਆ
ਤਾਂ ਕੋਈ ਦੇਸ, ਕੋਈ ਸ਼ਹਿਰ, ਕੋਈ ਗਿਰਾਂ
ਤੇਰੇ ਲਈ ਕੋਈ ਅਰਥ ਨਹੀਂ ਰੱਖਦੇ

ਜਦ ਤੇਰੇ ਖ਼ੂਨ ਵਿੱਚ
ਆਦਮ ਦੇ ਲਹੂ ਦੀ ਪਿਆਸੀ
ਹਨ੍ਹੇਰੀ ਸ਼ੂਕਦੀ ਹੋਵੇ
ਤਾਂ ਤੂੰ ਮੇਰੇ ਰਕੀਬਾ
ਪਲ ਭਰ ਲਈ ਸੋਚ ਲਈਂ ਏਦਾਂ -

ਤੇਰੇ ਕਿਸੇ ਘਰ ਦੀ ਛੱਤ ਉੱਤੇ
ਪੈਲਾਂ ਪਾਉਂਦੀ ਕੋਸੀ ਕੋਸੀ ਧੁੱਪ ਵੀ
ਮੇਰੇ ਵਿਹੜੇ 'ਚ ਪਸਰੀ
ਗੁਲਾਬੀ ਧੁੱਪ ਵਰਗੀ ਹੈ
ਤੇਰੇ ਪਵਿੱਤਰ ਦਰਿਆਵਾਂ ਦੇ
ਪਾਣੀਆਂ ਸੰਗ ਸਿੰਜੇ
ਤੇਰੇ ਬਾਗਾਂ 'ਚ ਖਿੜਦੇ ਫੁੱਲ ਵੀ
ਮੇਰੇ ਸ਼ਹਿਰ ਦੇ ਫੁੱਲਾਂ ਜਿਹੇ ਨੇ।

●

### 3. ਲਿਬਨਾਨ
(ਫਲਸਤੀਨੀ ਗੁਰੀਲਿਆਂ ਦੇ ਨਾਮ)

ਲਿਬਨਾਨ!
ਤੇਰਿਆਂ ਬਾਗਾਂ 'ਚ
ਫਿਰ ਸ਼ੂਕਦੀ ਹੈ
ਜ਼ਹਿਰੀਲੀ ਹਵਾ

ਹਰ ਗਲੀ
ਹਰ ਮੋੜ 'ਤੇ
ਲਹੂ ਪੀਣੀਆਂ
ਸਰਾਲਾਂ ਦਾ ਲੰਮਪਟਾ ਹੈ

ਦਨਦਨਾਂਦੇ ਇਸਪਾਤੀ ਦਿਓ
ਆਉਂਦੇ ਹਨ
ਸੜਕਾਂ, ਘਰਾਂ, ਮੈਦਾਨਾਂ 'ਚ
ਆਦਮ-ਬੋ, ਆਦਮ-ਬੋ ਕਰਦੇ
ਮਹਾਂ-ਅਜਗਰਾਂ ਵਾਂਗ ਦਹਾੜਦੇ ਹੋਏ

ਤੇ ਅਸੀਂ
ਨਿਪੁੰਸਕਤਾ ਦੀ ਆਖ਼ਰੀ ਹੱਦ ਤੱਕ
ਜਿੰਦਹੀਣ ਬਣੇ
ਦੇਖ ਰਹੇ ਹਾਂ
ਤੇਰੇ ਘੁੱਗ ਵਸਦੇ ਸ਼ਹਿਰਾਂ ਨੂੰ
ਮਿੱਟੀ 'ਚ ਮਿਲਦਿਆਂ

ਹਨੇਰੀ ਰਾਤ ਵਿੱਚ ਸਹਿਮੇ
ਮਾਵਾਂ ਦੇ ਮੋਢੇ ਲੱਗੇ
ਸੌਂ ਗਏ ਨੇ ਸਦਾ ਲਈ
ਤੇਰੇ ਬਾਲ
ਆਪਣੇ ਤੋਤਲੇ ਬੋਲਾਂ 'ਚ ਪੁਛਦਿਆਂ:
ਮਾਂ ਦਸ
ਸੂਰਜ ਚੜ੍ਹਨ ਵਿੱਚ
ਕਿੰਨੀ ਕੁ ਦੇਰ ਹੈ
ਮਾਂ ਦਸ
ਕਦ ਮੁੜਨਗੇ
ਸਾਡੇ ਪਿਓ
ਆਪਣੇ ਹੱਥੀਂ
ਘਰਾਂ ਦੇ
ਬੁਝ ਗਏ
ਦੀਵੇ ਜਗਾਉਣ ਨੂੰ

ਆਪਣਿਆਂ ਬਾਲਾਂ ਦੇ ਸੰਗ ਹੀ
ਤੁਰ ਗਈਆਂ ਮਾਵਾਂ ਦੇ ਬੋਲ
ਗੂੰਜਦੇ ਨੇ ਅਜੇ ਵੀ ਖਲ੍ਹਾ 'ਚ
ਬੱਦਲਾਂ ਦੀ ਗੜਗੜਾਹਟ ਵਾਂਗ
ਤੋਤਲੇ ਬੋਲਾਂ ਨੂੰ ਲੋਰੀ ਦੇਂਦਿਆਂ:
ਇੱਕ ਦਿਨ
ਸਾਡਾ ਵੀ ਸੂਰਜ
ਉਦੈ ਹੋਵੇਗਾ
ਸਾਡੇ ਹੀ
ਲਹੂ ਵਾਂਗ
ਭਾਹ ਮਾਰਦਾ!
ਸਾਡੇ ਹੱਡਾਂ ਦੀ
ਰਾਖ਼ 'ਚੋਂ
ਪੈਦਾ ਹੋਈ
ਤਪਸ਼
ਵਾਂਗੂ ਗਰਮ!

●

### 4. ਯੁੱਧ-ਭੂਮੀ ਵਿੱਚ ਉਤਰਦਿਆਂ

ਹਨ੍ਹੇਰਾ ਹੀ ਹਨ੍ਹੇਰਾ ਹੈ
ਗੁਫ਼ਾਵਾਂ ਦੇ ਅੰਦਰ
ਗੁਫ਼ਾਵਾਂ ਦੇ ਬਾਹਰ

ਦਾਇਰਿਆਂ ਵਿੱਚ ਸਿਮਟ ਗਈ ਹੈ
ਸਾਡੀ ਹਰ ਅਦਾ
ਇੱਕ ਕਦਮ ਦੀ ਤੁਰੋ
ਤਾਂ ਖਹਿ ਕੇ ਲੰਘੇਗਾ
ਸਾਰਾ ਵਾਤਾਵਰਨ
ਤੁਹਾਡੇ ਜਿਸਮ ਨੂੰ
ਗਿਰਝਾਂ ਦੇ ਵਾਂਗੂ ਨੋਚਦਾ

ਹਰ ਹੱਥ, ਹਰ ਪੈਰ, ਹਰ ਬੋਲ ਦੇ ਕੰਨ
ਹਨੇਰੀ ਗੁਫ਼ਾ ਤੋਂ ਹਨੇਰੀ ਗੁਫ਼ਾ ਤੀਕ
ਕਿਸੇ ਦੁਸ਼ਮਣ ਦੀ ਫ਼ੌਜ ਦੇ
ਜਾਸੂਸ ਵਾਂਗੂ, ਸਫ਼ਰ ਕਰਦੇ ਨੇ
ਕਿ ਕਦ, ਕਿਸੀ ਖੜਾਕ ਦੀ ਅੱਖ ਵਿੱਚ
ਤਰਕਸ਼ ਦੇ ਸਭੇ ਤੀਰ
ਛੱਡਣ ਦਾ ਮੌਕਾ ਮਿਲੇ

ਗੁਫਾਵਾਂ ਤੋਂ ਗੁਫਾਵਾਂ ਤੀਕ
ਕਦੀ ਜਦ, ਕਿਸੇ ਕੋਨੇ 'ਚੋਂ
ਕੋਈ ਆਵਾਜ਼ ਆਵੇ :

ਸ਼ਹਰ 'ਚ ਉੱਗੇ
ਪਿਆਰ ਦਾ ਤਿਣਕਾ
ਬਣ ਕੇ ਜਿਉਂ

ਤਾਂ ਮਨ 'ਚ ਉੱਠੇ
ਵਾ' ਵਰੋਲੇ ਚੀਖਦੇ ਨੇ :

ਇਹ ਜੁੱਗ, ਸ਼ਹਰ 'ਚ ਉੱਗੇ
ਪਿਆਰ ਦੇ ਤਿਣਕੇ ਦਾ ਜੁਗ ਨਹੀਂ
ਪੈਰਾਂ ਦੇ ਹੇਠਾਂ
ਮਸਲ ਦਿੱਤੇ ਜਾਓਗੇ

ਦੋਹਾਂ ਕੰਢਿਆਂ ਤੋਂ ਦੂਰ
ਸਮੁੰਦਰ ਦੀਆਂ ਲਹਿਰਾਂ ਦੇ
ਕਿਤੇ ਵਿੱਚ ਵਿਚਾਲੇ
ਇਲਹਾਮ ਵਰਗੀ ਸੋਚ
ਭਟਕਦੀ ਹੈ

ਕਿੰਨਾ ਮੁਸ਼ਕਿਲ ਹੈ
ਆਦਮੀ ਨੂੰ, ਆਦਮੀ ਬਣ ਕੇ ਜਿਉਣਾ !!

ਹਨੇਰਾ ਹੀ ਹਨੇਰਾ ਹੈ
ਗੁਫਾਵਾਂ ਦੇ ਅੰਦਰ
ਗੁਫਾਵਾਂ ਦੇ ਬਾਹਰ —
●

## 5. ਹਰ ਸ਼ੈ ਤਿੜਕ ਗਈ ਹੈ

ਹਰ ਸ਼ੈ ਤਿੜਕ ਗਈ ਹੈ
ਮੇਰੇ ਆਸ ਪਾਸ

ਕਮਰੇ ਦੀ ਛੱਤ ਵੱਲ
ਮੇਰੀ ਨਿਗਾਹ ਗਈ
ਤਾਂ ਉਸ ਵਿੱਚ ਤਰੇੜਾਂ ਸਨ

ਘਰ ਦੀਆਂ
ਕੰਧਾਂ ਵੱਲ ਵੇਖਿਆ
ਤਾਂ ਉਨ੍ਹਾਂ ਵਿੱਚ ਤਰੇੜਾਂ ਸਨ

ਆਪਣੇ ਪੈਰਾਂ ਹੇਠਲੀ
ਧਰਤੀ ਵੱਲ ਨੀਝ ਲਾਈ
ਤਾਂ ਉਸ ਵਿੱਚ ਤਰੇੜਾਂ ਸਨ

ਇਸਪਾਤੀ ਹੱਥਾਂ ਦੀ
ਜਕੜ ਹੇਠ
ਤਿੜਕ ਗਈ
ਹਰ ਸ਼ੈ ਵਾਂਗ
ਤ੍ਰੈਸ਼ੰਕੂ ਜਿਹੀ
ਮੇਰੀ ਹੋਂਦ
ਪੁੱਛਦੀ ਹੈ
ਆਪਣੇ ਆਪ ਨੂੰ :

ਇਹ ਕਿਸੇ ਵਿਸਫੋਟ ਤੋਂ
ਬਾਅਦ ਦੇ ਖੰਡਰ ਹਨ
ਜਾਂ ਕਿਸੇ ਅਣਹੋਣੀ ਦੀ
ਮਿਲੀ ਪੂਰਵ ਚੇਤਾਵਨੀ ਹੈ !!
● (TORONTO, ONTARIO)

# ਸੁਰਿੰਦਰ ਧੰਜਲ ਦੀਆਂ ਦੋ ਕਵਿਤਾਵਾਂ

## 1. ਚੱਕਰ

ਟੇਬਲ ਸਜਦਾ ਹੈ:
ਪੀ ਰਹੇ ਹਾਂ/ ਖਾ ਰਹੇ ਹਾਂ/ ਉਂਘਲਾ ਰਹੇ ਹਾਂ
ਅਲਾਰਮ ਵਜਦਾ ਹੈ:
ਘੁੜਘੁੜਾ ਰਹੇ ਹਾਂ/ ਨਹਾ ਰਹੇ ਹਾਂ/ ਜਾ ਰਹੇ ਹਾਂ
ਕਾਰ ਦਾ ਇੰਜਣ ਧੜਕਦਾ ਹੈ:
ਜਾ ਰਹੇ ਹਾਂ/ ਆ ਰਹੇ ਹਾਂ/ ਉਂਘਲਾ ਰਹੇ ਹਾਂ
ਟੈਲੀਫ਼ੋਨ ਖੜਕਦਾ ਹੈ:
ਸੁਣ ਰਹੇ ਹਾਂ/ ਕਹਿ ਰਹੇ ਹਾਂ/ ਬਹਿ ਰਹੇ ਹਾਂ

ਰਾਤ ਸੌਂਦੀ ਹੈ, ਅਸੀਂ ਜਾਗਦੇ ਹਾਂ
ਦਿਨ ਜਾਗਦਾ ਹੈ, ਅਸੀਂ ਸੌਂਦੇ ਹਾਂ

ਟੇਬਲ ਸਜਦਾ ਹੈ...
ਅਲਾਰਮ ਵਜਦਾ ਹੈ...
ਇੰਜਣ ਧੜਕਦਾ ਹੈ...
ਟੈਲੀਫ਼ੋਨ ਖੜਕਦਾ ਹੈ...

ਜਾ ਰਹੇ ਹਾਂ/ ਆ ਰਹੇ ਹਾਂ
ਜਾ ਰਹੇ ਹਾਂ? ਆ ਰਹੇ ਹਾਂ?
ਕਿੱਥੇ ਜਾ ਰਹੇ ਹਾਂ?
ਕਿੱਥੋਂ ਆ ਰਹੇ ਹਾਂ?

## 2. ਹਰਾਮਜ਼ਾਦਾ

ਪੱਬ ਹੈ, ਸੰਗੀਤ ਹੈ
ਨਾਚ ਹੈ, ਸ਼ੋਰ ਹੈ
ਬੀਅਰ ਹੈ, ਵਿਸਕੀ ਹੈ
ਨਸ਼ਾ ਹੈ, ਲੋਰ ਹੈ
ਰਾਤ ਜਾਗਦੀ ਹੈ...

ਹਰਾਮੀ ਬਾਪ
ਸ਼ਿਕਾਰ ਢੂੰਡ ਰਹੇ ਨੇ
ਨਰਮ ਹੈ? ਗਰਮ ਹੈ!
ਸ਼ਰਮ ਹੈ? ਭਰਮ ਹੈ!
ਹਰਾਮੀ ਮਾਵਾਂ
ਸ਼ਿਕਾਰ ਢੂੰਡ ਰਹੀਆਂ ਨੇ
ਹੱਸ ਰਹੇ ਨੇ? ਭਖ ਰਹੇ ਨੇ!
ਨੱਚ ਰਹੇ ਨੇ? ਮੱਚ ਰਹੇ ਨੇ!

ਹੈਂ? ਇਹ ਕੀ?
ਹਰਾਮੀ ਬਾਪ ਨਹੀਂ, ਮਾਂ ਨਹੀਂ,
ਬੱਚਾ ਹਰਾਮਜ਼ਾਦਾ ਹੈ
ਰਾਤ ਜਾਗਦੀ ਹੈ, ਦਿਨ ਸੌਂਦਾ ਹੈ
ਰਾਤ ਹਸਦੀ ਹੈ, ਦਿਨ ਸ਼ਰਮਾਉਂਦਾ ਹੈ...

(GRANDE PRAIRIE, ALBERTA)

---

## ਗੁਸਤਾਖ਼ੀ ਮੁਆਫ਼

(ਉਹਨਾਂ ਦੇ ਨਾਮ ਜੋ ਜ਼ੁਬਾਨ ਤੇ ਸੱਭਿਆਚਾਰ ਨੂੰ ਧਰਮ ਦੇ ਪਿੰਜਰੇ 'ਚ ਤਾੜਦੇ ਨੇ)

ਇਕਬਾਲ ਰਾਮੂਵਾਲੀਆ

ਹਜ਼ੂਰ, ਗੁਸਤਾਖ਼ੀ ਮੁਆਫ਼ ਕਰਨਾ...
ਤੁਹਾਨੂੰ ਮੁਬਾਰਕ, ਗਾਤਰੇ 'ਚ ਉਲਝੇ ਰਹਿਣਾ,
ਜਨੇਊ ਦੇ ਜਾਲ 'ਚ ਜਕੜੇ ਰਹਿਣਾ
ਜਾਂ ਸੁੰਨਤੇ ਲਿੰਗਾਂ ਦੀ ਵਾੜ 'ਚ ਵਲੇ ਰਹਿਣਾ।
ਅਸੀਂ ਤੜਪਦੇ ਰਹਾਂਗੇ
'ਲੁਹਾਰ' ਦੇ ਚਿਮਟੇ ਤੇ ਚੜ੍ਹਕੇ ਖੜਕਣ ਲਈ,
'ਜਮਲੇ' ਦੀ ਤੂੰਬੀ 'ਚ ਆਂਦਰਾਂ ਪਾਕੇ ਤੁਣਕਣ ਲਈ
ਗੁਰਦਾਸ ਦੀ 'ਡੱਫ਼' ਦੇ ਨਾਲ ਦਿਲ ਵਜਾਉਣ ਲਈ!
ਤੁਸੀਂ ਮਿਣਦੇ ਰਹੋ ਕਲਮਾਂ ਦਾ ਕੱਦ
ਦਾੜ੍ਹੀਆਂ ਦੀ ਲੰਬਾਈ 'ਚ
ਜਾਂ ਸੰਗੀਤ ਦਾ ਵਜ਼ਨ, ਤਿਲਕ ਦੀਆਂ ਧਾਰੀਆਂ ਨਾਲ ਤੋਲਦੇ ਰਹੋ।
ਪਰ 'ਵਾਰਸ' ਸੁੰਨਤ ਦੇ ਵਾੜੇ 'ਚ ਨਹੀਂ
ਜ਼ੁਬਾਨ ਦੇ ਜੰਗਲ 'ਚ ਜਨਮਣਗੇ;
ਤੇ 'ਬਟਾਲਵੀ' ਜੰਞੂ ਦੀ ਮੋਟਾਈ ਤੋਂ ਨਹੀਂ
ਉਹਦੀ ਛਾਤੀ 'ਚ ਖੁੱਭੀ 'ਲੂਣਾ' ਤੋਂ ਪਛਾਣਿਆਂ ਜਾਵੇਗਾ;
'ਰੇਸ਼ਮਾ' ਦੀ ਹੂਕ ਮਸਜਿਦ ਦੇ ਗੁੰਬਦ 'ਚ ਨਹੀਂ
ਜਾਗਦੇ ਦਿਲਾਂ 'ਚ ਗੂੰਜੇਗੀ।
ਗੁਸਤਾਖ਼ੀ ਮੁਆਫ਼ ਕਰਨਾ, ਹਜ਼ੂਰ!

(TORONTO, ONTARIO)

ਪੰਜਾਬੀ ਦੀ ਤਿਆਰੀ-ਅਧੀਨ ਫਿਲਮ 'ਇੱਕ ਤੇਰੀ ਜਿੰਦ ਬਦਲੇ' ਦੇ ਦੋ ਗੀਤ

ਗੀਤਕਾਰ : ਇੰਦਰੇਸ਼ (ਵੈਨਕੂਵਰ)

ਸੰਗੀਤਕਾਰ : ਰਾਜ ਸੋਨਿਕ

1.

(ਗਾਇਕਾ: ਦਿਲਰਾਜ ਕੌਰ)

ਮੈਂ ਕਾਗਜ਼ ਦੀ ਇੱਕ ਉਹ ਬੇੜੀ
ਇਸ ਪਾਰ ਤੇ ਨ ਉਸ ਪਾਰ ਲਗੀ
ਮੈਨੂੰ ਰੋਕਿਆ ਏ ਵਿੱਚ ਮੰਝਧਾਰਾਂ ਦੇ
ਇੱਕ ਐਸੀ ਹਨੇਰੀ ਆਣ ਵਗੀ

ਨ ਡੁੱਬ ਹੀ ਸਕੀ, ਨ ਤਰ ਹੀ ਸਕੀ
ਮਜ਼ਬੂਰ ਸੀ ਮੈਂ ਕੁਝ ਕਰ ਨ ਸਕੀ
ਦਗੇਬਾਜ਼ ਮਲਾਹਾਂ ਦੇ ਵੱਸ ਪੈ ਗਈ
ਹਰ ਇੱਕ ਕੀਤੀ ਹਰ ਵਾਰ ਠੱਗੀ

ਰਸਤਾ ਤੇ ਹੈ ਮੰਜ਼ਿਲ ਹੀ ਨਹੀਂ
ਧੜਕਣ ਤੇ ਹੈ ਪਰ ਦਿਲ ਹੀ ਨਹੀਂ
ਮੈਂ ਵੇਖ ਲਿਆ ਮੈਂ ਜਾਚ ਲਿਆ
ਦੁਨੀਆਂ ਨ ਹੋਈ ਕਿਸੇ ਦੀ ਸਗੀ

ਜਿਹਦੇ ਨਾਂ ਦੀ ਵੰਗ ਚੜ੍ਹਾਈ ਸੀ
ਜਿਹਦੇ ਲੇਖੇ ਜ਼ਿੰਦਗੀ ਲਾਈ ਸੀ
ਉਸੇ ਦੇ ਭੈੜੇ ਦਿਲ ਅੰਦਰ
ਇੱਕ ਹੋਰ ਮੁਹੱਬਤ ਆਣ ਜਗੀ

ਤਕਦੀਰ ਨੇ ਮੈਨੂੰ ਲੁੱਟਿਆ ਏ
ਮੇਰਾ ਬੂਟਾ ਵਿਹੜਿਉਂ ਪੁੱਟਿਆ ਏ
ਮੇਰੇ ਆਪਣੇ ਹੀ ਹੱਥ ਝੁਲਸ ਗਏ
ਮੇਰੇ ਚੁੱਲੇ ਦੀ ਅੱਗ ਐਸੀ ਮਘੀ

•

2.

(ਗਾਇਕ: ਮਹਿੰਦਰ ਕਪੂਰ)

ਕੱਚ ਦੇ ਗਲਾਸ ਵਾਂਗੂ ਤੋੜ ਦਿੱਤਾ ਦਿਲ ਮੇਰਾ ,
ਅੱਜ ਕੋਈ ਪਿਆਰ ਮੇਰਾ ਪੈਰਾਂ ਵਿੱਚ ਰੋਲਦਾ।
ਹਾਸੇ ਤੇ ਸੁਗੰਧੀਆਂ ਜੋ ਦੇਂਦਾ ਸੀ ਹਵਾਵਾਂ ਨੂੰ,
ਅੱਜ ਸਾਡੇ ਨਾਲ ਉਹ ਬੁਲਾਇਆਂ ਵੀ ਨਹੀਂ ਬੋਲਦਾ।

ਪਹਿਲਾਂ ਵਾਲੀ ਗੱਲ ਅੱਜ ਨਹੀਂ ਰਹੀ ਕੋਲ ਉਹਦੇ,
ਨਿੰਮ ਵਾਂਗੂ ਹੋ ਗਏ ਨੇ ਕੌੜੇ ਕੌੜੇ ਬੋਲ ਉਹਦੇ,
ਕਿੱਥੇ ਕਿੱਥੇ ਰੁੱਖਾਂ ਹੇਠਾਂ, ਮਿੱਠੀ ਮਿੱਠੀ ਛਾਂ ਥੱਲੇ,
ਜਿਹੜਾ ਕਦੀ ਬੋਲਾਂ ਵਿੱਚ ਮਿਸ਼ਰੀ ਸੀ ਘੋਲਦਾ

ਬਾਰੀਆਂ ਤੇ ਕੰਧਾਂ ਉੱਤੇ ਮਾਰੀਆਂ ਸੀ ਲੀਕਾਂ ਜਿਹਨੇ
ਹਨੇਰਿਆਂ 'ਚ ਕੀਤੀਆਂ ਸੀ ਮੇਰੀਆਂ ਉਡੀਕਾਂ ਜਿਹਨੇ
ਜ਼ੁਲਮ ਇਹ ਮੁਹੱਬਤਾਂ ਤੇ [illegible] ਓਦੇ ਰੱਬਾ ਢਾਹਿਆ
ਚਾਨਣੇ 'ਚ ਬੂਹਾ ਅੱਜ ਦਿਲ ਦਾ ਨ ਖੋਲ੍ਹਦਾ।

ਰਹਿ ਗਿਆ ਬੁਲਾਉਂਦਾ ਹੀ ਮੈਂ ਤੱਕਿਆ ਨ ਇੱਕ ਵੇਰੀ,
ਮੇਰੇ ਜਾਣ ਪਿੱਛੋਂ ਜਿਸ ਢੂੰਡਣੀ ਏ ਪੈੜ ਮੇਰੀ,
ਇਸ਼ਕੇ ਦੀ ਹੱਟੀ ਉੱਤੇ ਬਹਿਕੇ ਮੇਰੇ ਸਾਹਮਣੇ,
ਵੇਖੋ ਮੈਨੂੰ ਕੌਡੀਆਂ ਦੇ ਭਾਅ ਪਿਆ ਤੋਲਦਾ।

ਕਿਸਮਤਾਂ ਨੇ ਯਾਰ ਮੇਰਾ ਮੇਰੇ ਕੋਲ ਖੋਹ ਲਿਆ,
ਮਿਰਗਾਂ ਦੇ ਕੂੰਡ ਵਾਂਗ ਹਾਲ ਮੇਰਾ ਹੋ ਗਿਆ,
ਬਿਰਹਾ ਦੀ ਰੇਤ ਉੱਤੇ ਧੁੱਪਾਂ ਵਿੱਚ ਜਲਦਾ,
ਮਾਰੂਥਲਾਂ ਵਿੱਚ ਜਿਹੜਾ ਪਾਣੀ ਹੋਵੇ ਟੋਲਦਾ।

•

## ਅੱਖਾਂ

ਦੇਵਿੰਦਰ ਸਿੰਘ ਸੇਖੋਂ

ਕਿਵੇਂ ਦੱਸਾਂ ਦਿਲਦਾਰ ਦੀਆਂ ਅੱਖਾਂ। ਭਰੀਆਂ ਨਾਲ ਪਿਆਰ ਦੇ ਅੱਖਾਂ।
ਓਹੀਓ ਸੀਨਾ ਠਰ ਕੇ ਬਹਿ ਜਾਏ, ਤੱਕ ਲਏ ਜੋ ਇਕ ਵਾਰ ਇਹ ਅੱਖਾਂ।
ਲੋਕ ਕਹਿਣ ਦੋ ਜਾਮ ਭਰੇ ਨੇ, ਅੰਮ੍ਰਿਤ ਦੀ ਫੁਹਾਰ ਇਹ ਅੱਖਾਂ।
ਜਿਸਨੇ ਬਹੁਤ ਬਹਾਦਰ ਮਾਰੇ, ਤੇਜ਼ਨ ਉਹ ਤਲਵਾਰ ਇਹ ਅੱਖਾਂ।
ਅੱਜ ਤੱਕ ਸ਼ੁਗਲ ਮਰਦ ਦਾ ਰਹੀਆਂ, ਹੋ ਜਾਣ ਖ਼ੁਦਮੁਖ਼ਤਾਰ ਇਹ ਅੱਖਾਂ।
ਭੂਤ ਦੀਆਂ ਉਹ ਗੱਲਾਂ ਬਣ ਜਾਣ, ਵਿਕੀਆਂ ਜਦੋਂ ਬਾਜ਼ਾਰ ਇਹ ਅੱਖਾਂ।
ਅਜੇ ਵੀ ਸਿਰੜਾਂ ਕਈ ਫਿਰਦੀਆਂ, ਨੱਚਣ ਨੂੰ ਤਿਆਰ ਇਹ ਅੱਖਾਂ।
ਹੋਰ ਨਾ ਪੈਰਾਂ ਵਿੱਚ ਕੋਈ ਰੋਲੇ, ਹੋ ਜਾਣ ਹੁਣ ਹੁਸ਼ਿਆਰ ਇਹ ਅੱਖਾਂ।
ਨਕਲੀ ਭੌਰੇ ਮੰਡਲਾਵਣਗੇ, ਲਾਵੀਂ ਸੋਚ ਵਿਚਾਰ ਕੇ ਅੱਖਾਂ।
ਸੁਹਣਿਆਂ ਨੂੰ ਇਹ ਸੁਹਣੀਆਂ ਲੱਗਣ, ਜਾਬਰ ਦੇਣ ਸੰਘਾਰ ਇਹ ਅੱਖਾਂ।
ਸੇਖੋਂ ਦੀ ਗੱਲ ਯਾਦ ਇਹ ਰੱਖਣ, ਲੈਣਾ ਚਾਹੁਣ ਪਿਆਰ ਜੇ ਅੱਖਾਂ।
ਸਭਨੂੰ ਇੱਕੋ ਨਜ਼ਰੇ ਵੇਖਣ, ਰੰਗ ਦੇ ਬਿਨਾਂ ਵਿਚਾਰ ਇਹ ਅੱਖਾਂ।

• (GRANDE PRAIRIE, ALBERTA)

# ਬੇਵਸੀ

( ਹਰਮਿੰਦਰ, U.S.A.)

ਮੇਰੀ ਰੂਹ ਦੇ ਦਰਦ
ਕੱਲ੍ਹ ਵੀ ਸੀ, ਅੱਜ ਵੀ ਨੇ

ਧਰਮਾਂ ਦੇ ਬੰਧਨ
ਸਮਾਜਾਂ ਦੇ ਬੰਧਨ
ਰਸਮਾਂ ਦੇ ਬੰਧਨ
ਹੱਦਾਂ ਦੇ ਬੰਧਨ
ਜ਼ਾਤਾਂ ਦੇ ਬੰਧਨ
ਗਰੀਬੀ ਦੇ ਬੰਧਨ
ਇਨ੍ਹਾਂ ਬੰਧਨਾਂ ਦਾ ਬੰਧਨ
ਇਹ ਅਣਦਿਖ ਜ਼ੰਜੀਰਾਂ
ਮੇਰੇ ਹਰ ਸਾਹ ਤੇ ਭਾਰੂ

ਫੁੱਟਪਾਥਾਂ 'ਤੇ ਅਧਨੰਗੇ ਜਿਸਮ
ਗਲੀਆਂ 'ਚ ਰੁਲਦਾ
    ਮਾਸੂਮ ਬਚਪਨ
ਹਵਾਵਾਂ 'ਚ ਸਿਸਕੀਆਂ
ਮੁਰਝਾਏ ਚਿਹਰੇ
ਜੀ ਕਰਦਾ ਸਵਾਰਾਂ
ਧੁੰਧਲੇ ਦਰਪਣ
ਜੀ ਕਰਦਾ ਖਿੜਾਵਾਂ
ਮੁਰਝਾਏ ਚਿਹਰੇ
ਜੀ ਕਰਦਾ ਸਮਾ ਲਵਾਂ
ਮਾਸੂਮਾਂ ਦੀਆਂ ਸਿਸਕੀਆਂ
ਪਰ
ਕੁਝ ਢਲਦੀਆਂ ਸ਼ਾਮਾਂ ਸੀ
ਕੁਝ ਮੇਰੀ ਬੇਵਸੀ ਦੇ ਸਵੇਰੇ

ਰੰਗ ਕਿਸਮਤ ਦਾ ਸੌਦਾ ਕਰਦੇ
ਕਾਲੇ ਰੰਗ 'ਚ ਚਮਕਦੀਆਂ
ਚਿੱਟੀਆਂ ਅੱਖਾਂ ਦੀ ਬੇਵਸੀ
ਬੇਵੱਸ ਬੁਢਾਪੇ ਦਾ ਰੁਲਣਾ
ਉਚੀਆਂ ਇਮਾਰਤਾਂ ਦੇ ਬਾੜੇ 'ਚ
ਭਵਿੱਖ ਦੇ ਕਾਲੇ ਪਰਮਾਣੂ ਬੱਦਲਾਂ 'ਚ
ਮਾਸੂਮ ਆਂਦਰਾਂ ਦੇ
    ਰੋਣੇ ਸਿਮਟਦੇ ਦਿਸਦੇ

ਮੇਰੀ ਰੂਹ ਦੇ ਦਰਦ
ਕੱਲ੍ਹ ਵੀ ਸੀ, ਅੱਜ ਵੀ ਨੇ

ਇਹ ਅੱਜ ਦੇ ਨੇਤਾ
ਇਹ ਭਵਿੱਖ ਦੇ ਉਸਾਰੂ
ਜਿਵੇਂ ਮੇਲੇ 'ਚ ਖੇਡਦੇ
ਕੁਝ ਭੋਲੇ ਨਿਆਣੇ
ਬਣਾਉਂਦੇ ਰਹਿਣ ਕੁਝ
ਮਿੱਟੀ ਦੇ ਖਿਲੌਣੇ
"ਤੈਥੋਂ ਵੱਡਾ, ਤੈਥੋਂ ਉੱਚਾ"
ਮਿੱਟੀ ਦੇ ਬਾਵੇ
ਮਿੱਟੀ ਦੇ ਚੁਬਾਰੇ
ਅੱਜ ਦੇ ਨੇਤਾਵਾਂ ਦੀ ਵੀ
ਖੇਡ ਕੁਝ ਐਸੀ
ਪਰ ਮਿੱਟੀ ਦੀ ਥਾਂ
ਉਹ ਬਾਰੂਦ ਨਾਲ ਖੇਲਦੇ
ਮਿੱਟੀ ਦੇ ਖਿਲੌਣੇ
ਢਹਿ ਢੇਰੀ ਹੋ ਜਾਂਦੇ
ਬਾਰੂਦ ਜਲ ਕੇ
ਧਰਤ ਨੂੰ ਫੂਕ ਦੇਵੇ
ਇਨ੍ਹਾਂ ਨੇਤਾਵਾਂ ਦੀ ਦੌੜ ਦਾ ਇਹ ਘੋੜਾ
ਕਿਤੇ ਮਿੱਧ ਨਾ ਦੇਵੇ ਕੁਦਰਤ ਦੇ ਨਮੂਨੇ

ਮੇਰੀ ਰੂਹ ਦੇ ਦਰਦ
ਕੱਲ੍ਹ ਵੀ ਸੀ, ਅੱਜ ਵੀ ਨੇ

ਭਵਿੱਖ ਦੇ ਦਰ 'ਤੇ
ਇਸ ਹੋਂਦ ਦਾ ਚੜ੍ਹਾਵਾ
ਅੱਜ ਦੀ ਪਨੀਰੀ 'ਚ ਪਾਵਾਂ
ਆਪਣੀਆਂ ਉਮੀਦਾਂ ਦਾ ਪਾਣੀ।
ਇਹ ਅੱਜ ਦੇ ਨੇਤਾ
ਇਹ ਕੱਲ੍ਹ ਦੇ ਉਸਾਰੂ
ਵਗਾ ਦੇਵਾਂ ਖ਼ੂਨ ਮੈਂ ਆਪਣਾ
ਜੇ ਬੁਝਦੀ ਹੋਵੇ ਪਿਆਸ ਇਨਾਂ ਦੀ।

ਸਮੇਂ ਦੇ ਮਾਰੂਥਲਾਂ 'ਚ
ਸਮਾ ਗਏ ਲੱਖਾਂ ਦੇ ਹੰਝੂ
ਕਰੋੜਾਂ ਕੁਰਬਾਨੀਆਂ ਨੇ
ਇਹ ਧਰਤ ਰੰਗੀ।
ਮੇਰੀ ਆਵਾਜ਼ ਤੜਫਦੀ
ਖਿੜ ਜਾਵੇ ਹਵਾ ਨਾਲ ਖਹਿ ਕੇ
ਮੇਰੀ ਬੇਵਸੀ 'ਤੇ ਹਸਦੀ
ਸਮੇਂ ਦੀ ਕਰੋਪੀ

ਕੱਲ ਦੇ ਮਾਸੂਮ
ਸਤ ਰੰਗੇ ਸੁਪਨੇ -
ਇਸ ਅਧੂਰੀ ਅੱਜ ਦਾ ਅਹਿਸਾਸ -
ਕਾਲੀ ਕੱਲ੍ਹ ਦਾ ਖ਼ਿਆਲ
ਮਨ ਦੇ ਅੰਬਰਾਂ 'ਤੇ
ਘਟਾ ਜਿਹੀ ਛਾ ਜਾਵੇ
ਇਹ ਮੇਰੀ ਬੇਵਸੀ ਦੇ ਹਨ੍ਹੇਰੇ
ਇਹ ਮੇਰੀ ਬੇਵਸੀ ਦੇ ਸਵੇਰੇ
ਕੱਲ੍ਹ ਵੀ ਸੀ, ਅੱਜ ਵੀ ਨੇ।

ਬੇਰਹਿਮ ਅੱਜ
ਕਾਲੀ ਸਵੇਰ
ਅਤੇ ਘੁੱਟਾਂ ਦੀਆਂ ਹਵਾਵਾਂ 'ਚ ਫੈਲੇ
ਕੱਲ੍ਹ ਵੀ ਸੀ, ਅੱਜ ਵੀ ਨੇ।

ਕੱਲ੍ਹ ਦੀ ਭਟਕਣ
ਇਹ ਅੱਜ ਦੀ ਬੇਵਸੀ
ਮੇਰੀ ਰੂਹ ਦੇ ਦਰਦ
ਕੱਲ੍ਹ ਵੀ ਸੀ, ਅੱਜ ਵੀ ਨੇ।

●

# ਗ਼ਜ਼ਲ (ਜਗਤਾਰ ਢਾਅ)

ਹਰਿਆਵਲ ਨੂੰ ਲੱਭਣ ਆਇਆ
ਭਟਕ ਗਿਆ।
ਜੜ੍ਹ ਤਣਾ ਤੇ ਸੱਕ ਮਿਲਿਆ
ਵੇਖ ਵੇਖ ਪਿਆ।
ਕਰਨ ਤਾਂ ਆਏ ਸੀ ਆਪਣੀ
ਗੁਰਬਤ ਦਾ ਦਾਰੂ,
ਗੁਆਚ ਰਹੀ ਔਲਾਦ ਦਾ
ਝੱਲਣਾ ਦਰਦ ਪਿਆ।
ਲੱਭ ਨਾ ਮੈਨੂੰ ਧੁੰਦਲੇ ਰਾਹਾਂ
'ਚੋਂ ਮਾਏ,
ਏਥੇ ਆਇਆ ਰੰਗ-ਰੌਸ਼ਨੀਆਂ
ਨਿਗਲ ਲਿਆ।
ਦੇਸੋਂ ਆਈ ਚਿੱਠੀ ਦਾ
ਹਰ ਅੱਖਰ ਹੀ,
ਲੋੜਾਂ ਦੇ ਪਲੜੇ ਵਿੱਚ
ਧਰਕੇ ਭਾਰ ਪਿਆ।
ਲਾਈਂ ਨਾ ਮਾਏ ਮੇਰੀਆਂ ਚਿੱਠੀਆਂ
ਹਿੱਕ ਦੇ ਨਾਲ,
ਏਨ੍ਹਾਂ ਦਾ ਹਰ ਅੱਖਰ ਹੋਇਆ
ਸੀਤ ਪਿਆ।
ਪੱਛਮ ਪਹੁੰਚ, ਹਿਮਾਲਾ ਆਪਣਾ
ਇਉਂ ਲੱਗਿਆ,
ਜਿਉਂ 'ਢਾਅ' ਕੱਚਾ ਕੰਢਾ
ਹੌਲੇ ਮੀਂਹ ਨਾਲ ਢਿਆ।

● (U.K.)

# ਨੇੜੇ ਦੂਰ

## 1. ਕੁਝ ਅੰਕੜੇ ਕੁਝ ਸਵਾਲ (ਸੁਖਵੰਤ ਹੁੰਦਲ)

**ਅੰਕੜੇ :**

- ਦੇਸ਼ ਵਿਚ ਬੇਰੁਜ਼ਗਾਰੀ ਦਿਨੋਂ ਦਿਨ ਵਧ ਰਹੀ ਹੈ। ਪਿਛਲੇ ਇਕ ਸਾਲ ਦੇ ਦੌਰਾਨ ਹੀ 500,000 ਲੋਕ ਬੇਰੁਜ਼ਗਾਰ ਹੋਏ ਹਨ।
- ਇਨ੍ਹਾਂ ਵਿਚੋਂ 300,000 ਨੌਜਵਾਨ ਹਨ, ਜਿਨ੍ਹਾਂ ਦੀ ਉਮਰ 17-24 ਸਾਲ ਦੇ ਵਿਚਕਾਰ ਹੈ।
- ਇਕੱਲੇ ਬੀ. ਸੀ. ਵਿਚ ਲੱਕੜ ਦਾ ਕੰਮ ਕਰਨ ਵਾਲੇ ਕਾਮਿਆਂ ਵਿਚੋਂ 35% ਦੇ ਲਗਭਗ ਵਿਹਲੇ ਹਨ।
- ਮਾਈਨਿੰਗ ਇੰਡਸਟਰੀ ਅਨੁਸਾਰ ਜੇ ਕੰਮਾਂ ਕਾਰਾਂ ਵਿਚ ਸੁਧਾਰ ਆ ਵੀ ਗਿਆ ਤਾਂ ਵੀ ਖਾਣਾਂ ਵਿਚਲੀਆਂ ਕੁਝ ਨੌਕਰੀਆਂ ਵਿਚੋਂ ਚੌਥੇ ਹਿਸੇ ਦੇ ਲਗਭਗ ਅਲੋਪ ਹੋ ਜਾਣਗੀਆਂ। ਥੋੜੇ ਬਹੁਤੇ ਫਰਕ ਨਾਲ ਇਹ ਗੱਲ ਲੱਕੜ ਦੇ ਕੰਮ ਕਾਰ ਉਪਰ ਵੀ ਲਾਗੂ ਕੀਤੀ ਜਾ ਸਕਦੀ ਹੈ।
- ਇਕੱਲੇ ਬੀ. ਸੀ. ਵਿਚ ਮਾਰਚ 1983 ਤੱਕ ਤੇਰਾਂ ਵਿਚੋਂ ਇਕ ਵਿਅਕਤੀ ਵੈੱਲਫੇਅਰ ਤੇ ਹੋਵੇਗਾ।
- 1982-83 ਦੇ ਕੁੱਲ ਬੱਜਟ (72.9 ਬਿਲੀਅਨ ਡਾਲਰ) ਵਿਚੋਂ 7 ਬਿਲੀਅਨ ਡੀਫੈਂਸ ਉਪਰ ਖਰਚ ਕੀਤਾ ਜਾ ਰਿਹਾ ਹੈ ਅਤੇ 11.7 ਬਿਲੀਅਨ ਡਾਲਰ ਗੌਰਮਿੰਟ ਦਾ ਆਪਣਾ (OPERATING AND CAPITAL EXPENDITURE) ਖਰਚ ਹੈ।

**ਇਸ ਸਭ ਬਾਰੇ ਗੌਰਮਿੰਟ ਕੀ ਕਰ ਰਹੀ ਹੈ :**

- ਹਰ ਤਰ੍ਹਾਂ ਦੀਆਂ ਸੇਵਾਵਾਂ (SOCIAL SERVICES) ਉਪਰ ਕੱਟ ਲਾ ਰਹੀ ਹੈ ਜਿਵੇਂ ਸਕੂਲਾਂ ਦੇ ਬੱਜਟ ਉਪਰ ਕਟੌਤੀ, ਹਸਪਤਾਲਾਂ ਦੇ ਬੱਜਟ ਉਪਰ ਕਟੌਤੀ ਆਦਿ।
- ਬੇਰੁਜ਼ਗਾਰੀ ਭੱਤੇ ਲਈ ਭਰੀਆਂ ਅਰਜ਼ੀਆਂ ਨੂੰ ਤਰਾਂ ਤਰਾਂ ਦੇ ਕਾਰਨ ਲੱਭ ਕੇ ਰੀਜੈੱਕਟ ਕਰ ਰਹੀ ਹੈ, ਤਾਂ ਕਿ ਕਾਗਜ਼ਾਂ ਵਿਚ ਬੇਰੁਜ਼ਗਾਰਾਂ ਦੀ ਗਿਣਤੀ ਨੂੰ ਘੱਟ ਦਰਸਾਇਆ ਜਾ ਸਕੇ।
- ਮੌਜੂਦਾ ਹਾਲਤ ਲਈ ਯੂਨੀਅਨਾਂ ਉਪਰ ਦੋਸ਼ ਲਾ ਰਹੀ ਹੈ। ਦੂਜੇ ਸ਼ਬਦਾਂ ਵਿਚ ਇਸ ਸੰਕਟ ਲਈ ਮਜ਼ਦੂਰਾਂ ਨੂੰ ਦੋਸ਼ੀ ਠਹਿਰਾ ਰਹੀ ਹੈ। ਅਤੇ ਜਥੇਬੰਦਕ (UNIONIZED) ਅਤੇ ਗੈਰ-ਜਥੇਬੰਦਕ (NON-UNIONIZED) ਮਜ਼ਦੂਰਾਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।
- ਕਾਮਿਆਂ ਦੀਆਂ ਤਨਖਾਹਾਂ ਦੇ ਵਾਧੇ ਲਈ 5-6% ਵਰਗੀਆਂ ਬੰਦਸ਼ਾਂ ਠੋਸ ਰਹੀ ਹੈ ਜਦ ਕਿ ਸਿੱਕੇ ਦੇ ਫੈਲਾਉ (INFLATION) ਉਪਰ ਕੋਈ ਕੰਟਰੋਲ ਨਹੀਂ ਹੈ।

**ਵੱਡੀਆਂ ਕਾਰਪੋਰੇਸ਼ਨਾਂ ਕੀ ਕਰ ਰਹੀਆਂ ਹਨ :**

- ਇਸ ਸੰਕਟ ਦਾ ਦੋਸ਼ ਆਮ ਲੋਕਾਂ ਅਤੇ ਮਜ਼ਦੂਰਾਂ ਉਪਰ ਥੱਪ ਰਹੀਆਂ ਹਨ।
- ਗੌਰਮਿੰਟ ਕੋਲੋਂ ਇਨਕਮ ਟੈਕਸ ਵਿਚ ਛੋਟਾਂ ਅਤੇ ਹਰ ਪਰਕਾਰ ਦੀਆਂ ਸਬਸੀਡੀਜ਼ ਮੰਗ ਰਹੀਆਂ ਹਨ ਅਤੇ ਗੌਰਮਿੰਟ ਇਨ੍ਹਾਂ ਮੰਗਾਂ ਨੂੰ ਵਾਹ ਲੱਗਦੀ ਪੂਰਾ ਕਰ ਰਹੀ ਹੈ।

**ਕੁਝ ਸਵਾਲ :** ਉਪਰਲੀਆਂ ਹਾਲਤਾਂ ਨੂੰ ਮੁੱਖ ਰੱਖਦਿਆਂ ਕੁਝ ਸਵਾਲ ਸਾਹਮਣੇ ਆਉਂਦੇ ਹਨ:

- ਕੀ ਇਸ ਸੰਕਟ ਲਈ ਆਮ ਲੋਕ ਜਾਂ ਮਜ਼ਦੂਰ ਜ਼ਿੰਮੇਵਾਰ ਹਨ ਜਾਂ ਕੋਈ ਹੋਰ ?
- ਕੀ ਗੌਰਮਿੰਟ ਵੱਲੋਂ ਇਕ ਪਾਸੇ ਆਮ ਸੇਵਾਵਾਂ ਵਿਚ ਕਟੌਤੀ ਕਰਨਾ ਅਤੇ ਦੂਜੇ ਪਾਸੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਸਬਸਿਡੀਜ਼ ਦੇ ਗੱਫੇ ਦੇਣਾ ਠੀਕ ਹੈ ?
- ਬੱਜਟ ਦਾ ਚੌਥਾ ਹਿੱਸਾ (ਡੀਫੈਂਸ + ਗੌਰਮਿੰਟ ਦਾ ਆਪਣਾ ਖਰਚ) ਉਥੇ ਖਰਚਿਆ ਜਾ ਰਿਹਾ ਹੈ ਜਿਸ ਨਾਲ ਇਸ ਹਾਲਤ ਦੇ ਸੁਧਾਰ ਵਿਚ ਕੋਈ ਹਿੱਸਾ ਨਹੀਂ ਪੈ ਰਿਹਾ। ਕਿਉਂ ?

– ਅਖੀਰਲਾ ਸੁਆਲ ਆਮ ਲੋਕਾਂ ਅਤੇ ਮਜ਼ਦੂਰਾਂ ਅੱਗੇ ਹੈ ਕਿ ਕੀ ਇਸ ਤਰ੍ਹਾਂ ਦੀਆਂ ਹਾਲਤਾਂ ਨੂੰ ਚੁੱਪ ਕਰਕੇ ਸਹਿਣਾ ਅਤੇ ਆਪਣੀ ਪੂਰੀ ਨਿੱਜੀ ਕੋਸ਼ਿਸ਼ ਕਰਨਾ ਕਿ ਕਿਸੇ ਤਰਾਂ ਕਾਇਮ (SURVIVE) ਰਿਹਾ ਜਾ ਸਕੇ ਹੀ ਕਾਫੀ ਹੈ ਜਾਂ ਇਨ੍ਹਾਂ ਹਾਲਤਾਂ ਦੇ ਅਸਲ ਕਾਰਨਾਂ ਬਾਰੇ ਸੋਚਣਾ ਅਤੇ ਆਪਣੇ ਲੋਕਾਂ ਲਈ ਇਕੱਠੇ ਹੋ ਕੇ ਲੜਨਾਂ ਵੀ ਜ਼ਰੂਰੀ ਹੈ? ● (VANCOUVER, B.C.)

## 2. ਗੁਰਦੁਆਰੇ ਅਤੇ ਚੋਣਾਂ (ਅਮਰਜੀਤ ਚਾਹਲ)

ਪੰਜਾਬੀ ਕਮਿਊਨਿਟੀ ਵਿਚ ਗੁਰਦੁਆਰਿਆਂ ਦੀਆਂ ਚੋਣਾਂ ਇਕ ਖਾਸ ਅਰਥ ਰੱਖਦੀਆਂ ਹਨ। ਇਨ੍ਹਾਂ ਦਾ ਮਹੱਤਵ ਅਤੇ ਖ਼ਰਚ ਹਰ ਸਾਲ ਵਧ ਰਿਹਾ ਹੈ। ਪੰਜਾਬੀ ਵੀਰ ਜਿੰਨੇ ਉਤਸ਼ਾਹ ਅਤੇ ਸਰਗਰਮੀ ਨਾਲ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਂਦੇ ਹਨ ਉਸ ਤੋਂ ਕਈ ਗੁਣਾਂ ਘੱਟ ਇਥੋਂ ਦੀਆਂ ਨਗਰਪਾਲਿਕਾਵਾਂ, ਸੂਬੇ ਅਤੇ ਦੇਸ਼ ਦੀਆਂ ਚੋਣਾਂ (ਸਿਆਸਤ) ਵਿਚ ਭਾਗ ਲੈਂਦੇ ਹਨ।

ਇਸ ਸਾਲ ਰੌਸ ਸਟਰੀਟ (ਵੈਨਕੋਵਰ) ਵਾਲੇ ਗੁਰਦੁਆਰੇ ਨੇ ਚੋਣਾਂ ਦੇ ਖਰਚ ਵਾਲੇ ਪਿਛਲੇ ਸਾਰੇ ਰੀਕਾਰਡ ਮਾਤ ਪਾਏ ਲੱਗਦੇ ਹਨ। ਇਕ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਇਸ ਸਾਲ ਦੀਆਂ ਚੋਣਾਂ ਉਪਰ ਤੀਹ ਤੋਂ ਚਾਲੀ ਹਜ਼ਾਰ ਡਾਲਰ ਖਰਚ ਆਏ ਹਨ। ਕੀ ਇਕ ਧਾਰਮਿਕ ਅਦਾਰੇ ਲਈ, ਜਿਸ ਸਿਰ ਲੋਹੜੇ ਦਾ ਕਰਜ਼ਾ ਹੋਵੇ, ਉਸਨੂੰ ਇਨਾ ਖਰਚ ਚੋਣਾਂ ਉਪਰ ਕਰਨਾ ਜਾਇਜ਼ ਹੈ?

ਅਗਰ ਇਨ੍ਹਾਂ ਚੁਣੇ ਹੋਏ ਨੁਮਾਇੰਦਿਆਂ ਇਹ ਰਕਮ ਆਪਣੀਆਂ ਜੇਬਾਂ ਵਿਚੋਂ ਵੀ ਖਰਚੀ ਹੋਵੇ ਤਾਂ ਸੇਵਾ ਲਈ ਪੈਸੇ ਵਾਲੇ ਆਦਮੀ ਹੀ ਚੰਗੇ ਸੇਵਾਦਾਰ ਹੋਣੇ? ਜਿੰਨ੍ਹਾਂ ਆਪਣੀ ਜਮ੍ਹਾਂ ਪਈ ਪੂੰਜੀ, ਜਿਸ ਨੂੰ ਗੁਰੂ ਨਾਨਕ ਨੇ 'ਪਾਪਾਂ ਬਾਝਹੁ ਹੋਵੈ ਨਾਹੀ' ਕਿਹਾ, ਨੂੰ ਵਰਤਿਆ। ਆਮ ਆਦਮੀ ਪਾਸ ਨਾ ਹੀ ਪੈਸੇ ਹੋਣ ਤੇ ਨਾ ਹੀ ਉਹ ਗੁਰਦੁਆਰੇ ਦੀ ਸੇਵਾ ਵਿਚ ਹੱਥ ਵਟਾ ਸਕੇ।

ਇਹਨਾਂ ਚੋਣਾਂ ਤੋਂ ਕੀ ਇਹ ਸਾਬਤ ਨਹੀਂ ਹੁੰਦਾ ਕਿ ਧਰਮ ਅਤੇ ਸਿਆਸਤ ਨੂੰ ਇਹ ਲੋਕ ਇਕ ਹੀ ਚਾਬੁਕ ਨਾਲ ਹੱਕ ਰਹੇ ਹਨ। ਤੇ ਚੋਣਾਂ ਜੋ ਕਦੇ ਵੀ ਇਮਾਨਦਾਰੀ ਦੀ ਨਿਸ਼ਾਨੀ ਨਹੀਂ ਹੁੰਦੀਆਂ ਫਿਰ ਕਿਸੇ ਧਾਰਮਿਕ ਅਸਥਾਨ ਵਾਸਤੇ ਚੋਣਾਂ ਕਿਉਂ? ਕਿਉਂ ਨਾ ਕਿਸੇ ਧਾਰਮਿਕ ਅਸਥਾਨ ਨੂੰ ਸਿਰਫ ਧਾਰਮਿਕ ਹਿੱਤਾਂ ਲਈ ਹੀ ਵਰਤਿਆ ਜਾਵੇ? ਕਮਿਊਨਿਟੀ ਦੇ ਕੰਮਾਂ ਲਈ ਜਿਸ ਤਰਾਂ ਪਹਿਲਾਂ ਸਭਾ-ਸੁਸਾਇਟੀਆਂ ਹੋਂਦ 'ਚ ਆਈਆਂ ਸਨ, ਉਨ੍ਹਾਂ 'ਚ ਸਰਗਰਮੀ ਪੈਦਾ ਕੀਤੀ ਜਾਵੇ। ਇਸ ਨਾਲ ਇਕ ਤਾਂ ਇਨ੍ਹਾਂ 'ਸੇਵਾ ਦੇ ਸ਼ੁਕੀਨਾਂ' ਨੂੰ ਸਿੱਧੀ ਤਰਾਂ ਸਿਆਸਤ ਵਿਚ ਕੁੱਦ ਸਕਣ ਦਾ ਅਵਸਰ ਮਿਲੇਗਾ। ਤੇ ਉਨ੍ਹਾਂ ਨੂੰ ਪਤਾ ਲੱਗ ਸਕੇਗਾ ਕਿ ਉਹ ਕਿੰਨ੍ਹੇ ਕੁ ਪਾਣੀ ਵਿਚ ਹਨ। ਹੁਣ ਤਾਂ ਇਹ ਹਰ ਨਿੱਜੀ ਮਸਲੇ ਨੂੰ ਵੀ ਧਰਮ ਦਾ ਮਸਲਾ ਬਣਾ ਕੇ, ਲੋਕਾਂ ਦੇ ਜਜ਼ਬਾਤਾਂ ਨਾਲ ਖੇਡ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਹਨ। ਦੂਜਾ ਧਾਰਮਿਕ ਅਸਥਾਨ ਸਿਆਸਤ ਦੇ ਅੱਡੇ ਨਾ ਬਣਕੇ ਸਿਰਫ 'ਰਾਮ ਨਾਮ' ਜਪਣ ਦਾ ਕੇਂਦਰ ਬਣ ਸਕਣਗੇ। ਧਰਮੀ ਲੋਕਾਂ ਦੀ ਲੋੜ ਸਿਆਸੀ ਅੱਡੇ ਨਹੀਂ ਸਗੋਂ ਸਿਆਸਤ-ਰਹਿਤ ਕੇਂਦਰ ਹਨ।

ਅਖੀਰ ਵਿਚ ਮੈਂ ਇਹ ਵੀ ਕਹਾਂਗਾ ਕਿ ਚੋਣਾਂ ਸਿੱਖ ਧਰਮ ਦਾ ਅੰਗ ਨਹੀਂ ਹਨ। ਸਾਡੇ ਗੁਰੂਆਂ ਕਦੇ ਵੀ ਇਲੈਕਸ਼ਨ (ELECTION) ਨਹੀਂ, ਸੀਲੈਕਸ਼ਨ (SELECTION) ਕੀਤੀ ਹੈ। ਜਾਂ ਪੰਜ ਪਿਆਰਿਆਂ ਦੀ ਸਾਜਣਾ ਵਾਂਗ ਇਲੈਕਸ਼ਨ ਤੇ ਸੀਲੈਕਸ਼ਨ ਦੋਹਾਂ ਤੋਂ ਉਪਰ ਉਠਕੇ ਨਿਰੋਲ ਸਵੈ-ਕੁਰਬਾਨੀ ਅਤੇ ਸੇਵਾ-ਭਾਵਨਾਂ ਦੇ ਆਧਾਰ ਉੱਤੇ ਸੇਵਾਦਾਰਾਂ/ ਵਿਅਕਤੀਆਂ ਨੂੰ ਨਿਵਾਜਿਆ ਹੈ। ਫਿਰ ਹੁਣ ਚੋਣਾਂ ਕਿਉਂ? ● (SURREY, B.C.)

## 3. ਨਸਲਵਾਦ ਅਤੇ ਮੀਡੀਆ (ਸਾਧੂ)

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਕੈਨੇਡਾ ਵਿਚ ਵਸਣ ਵਾਲੇ ਆਮ ਗੋਰੇ ਲੋਕ ਨਸਲਵਾਦੀ ਨਹੀਂ ਹਨ। ਪਰ ਇਥੋਂ ਦੇ ਅਮੀਰ ਇਕ ਜਮਾਤ ਦੇ ਤੌਰ ਤੇ ਜ਼ਰੂਰ ਨਸਲਵਾਦੀ ਹਨ। ਅਤੇ ਇਹਨਾਂ ਦੀ ਨੁਮਾਇੰਦਾ ਸਰਕਾਰ ਨਸਲਵਾਦੀ ਪਾਲਸੀਆਂ ਨਾਲ ਤੇ ਇਨ੍ਹਾਂ ਦੇ ਪੈਸੇ ਨਾਲ ਚਲਦੇ ਅਖਬਾਰਾਂ, ਰੇਡੀਓ ਤੇ ਟੈਲੀਵੀਜਨ ਆਦਿ ਨਸਲਵਾਦ ਦੀ ਅੱਗ ਨੂੰ ਲੋਕਾਂ ਵਿਚ ਮਘਦਾ ਰੱਖਦੇ ਹਨ। ਇਥੋਂ ਦਾ ਮੀਡੀਆ ਲੰਮੇ ਤਜਰਬੇ ਨਾਲ ਇਨਾ ਨਿਪੁੰਨ ਹੋ ਗਿਆ ਹੈ ਕਿ ਉਹ ਇੰਨੇ ਲੁਕਵੇਂ ਤਰੀਕੇ ਨਾਲ ਨਸਲਵਾਦ ਫੈਲਾਉਂਦੇ ਹਨ ਕਿ ਤੁਸੀਂ ਉਸ ਤੇ ਉਂਗਲੀ ਨਹੀਂ ਉਠਾ ਸਕਦੇ। ਪਰ ਹਰ ਰੋਜ਼ ਹੀ ਇਥੋਂ ਦਿਆਂ ਅਖਬਾਰਾਂ, ਰਸਾਲਿਆਂ ਵਿਚ ਕੁਝ ਨਾ ਕੁਝ ਅਜਿਹਾ ਹੁੰਦਾ ਹੈ ਜਿਹਨੂੰ ਜੇ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਅਸਲੀਅਤ ਸਾਹਮਣੇ ਆ ਜਾਂਦੀ ਹੈ। ਇਸ ਦੀ ਇਕ ਬਹੁਤ ਵਧੀਆ ਉਦਾਹਰਣ ਵੈਨਕੂਵਰ ਤੋਂ ਨਿਕਲਦੇ 'THE PROVINCE' ਅਖਬਾਰ ਦੇ 29 ਨਵੰਬਰ ਦੇ ਅੰਕ ਵਿਚ ਵੇਖੀ ਜਾ ਸਕਦੀ ਹੈ।

ਇਸ ਅੰਕ ਦੇ ਸੰਪਾਦਕੀ ਸਫੇ 'ਤੇ ਇਕ ਮੋਟੀ ਸੁਰਖੀ ਸੀ: PREPARE FOR HONGKONG IMMIGRANTS (ਹਾਂਗਕਾਂਗ ਤੋਂ ਆਉਣ ਵਾਲੇ ਇਮੀਗਰੈਂਟਾਂ ਲਈ ਤਿਆਰ ਰਹੋ) ਇਸ ਸੁਰਖੀ ਥੱਲੇ ਗੱਲਬਾਤ ਇਹ ਕੀਤੀ ਗਈ: ਪੰਦਰਾਂ ਸਾਲਾਂ ਨੂੰ ਹਾਂਗਕਾਂਗ ਉਪਰੋਂ ਅੰਗਰੇਜ਼ਾਂ ਦਾ ਕਬਜ਼ਾ ਖਤਮ ਹੋ ਜਾਵੇਗਾ ਤੇ ਸ਼ਾਇਦ ਹਾਂਗਕਾਂਗ ਮੁੜ ਕੇ ਚੀਨ ਨੂੰ ਮਿਲ ਜਾਵੇ। ਇਸ ਦੇ ਫਲਸਰੂਪ ਉਥੇ ਵਸਦੇ ਕਈ ਮਿਲੀਅਨ ਚੀਨੇ ਅਮਰੀਕਾ, ਕੈਨੇਡਾ, ਆਸਟਰੇਲੀਆ ਤੇ ਯੂਰਪ ਦੇ ਮੁਲਕਾਂ ਵਿਚ ਜਾ ਕੇ ਵਸਣਾ ਚਾਹੁਣਗੇ। ਤੇ ਕਿਉਂਕਿ ਵੈਨਕੂਵਰ ਵਿਚ ਪਹਿਲਾਂ ਹੀ ਲੱਖ ਤੋਂ ਉਪਰ ਚੀਨੇ ਰਹਿੰਦੇ ਹਨ ਇਸ ਕਰਕੇ ਕੁਦਰਤੀ ਹਾਂਗਕਾਂਗ ਤੋਂ ਉਹ ਆਪਣੇ ਰਿਸ਼ਤੇਦਾਰਾਂ ਕੋਲ ਇਥੇ ਆਉਣਾ ਚਾਹੁਣਗੇ।

ਨਾਲ ਨਾਲ ਸੰਪਾਦਕੀ ਵਿਚ ਚੀਨੀ ਲੋਕਾਂ ਨੂੰ ਕਾਫੀ ਸਲਾਹਿਆ ਵੀ ਗਿਆ ਹੈ ਕਿ ਉਹ ਬਹੁਤ ਵਧੀਆ ਵਪਾਰੀ ਅਤੇ ਕਾਮੇ ਹਨ ਆਦਿ। ਪਰ ਸਾਰਾ ਕੁਝ ਪੜ੍ਹਨ ਉਪਰੰਤ ਜਿਹੜਾ ਸਮੁੱਚਾ ਪ੍ਰਭਾਵ ਰਹਿ ਜਾਂਦਾ ਹੈ ਉਹ ਹੈ ਕਿ ਬੱਸ ਅਗਲੇ ਕੁਝ ਹੀ ਸਮੇਂ ਵਿਚ ਲੱਖਾਂ ਦੀ ਗਿਣਤੀ ਵਿਚ ਚੀਨੇ ਵੈਨਕੂਵਰ ਤੇ ਬੀ.ਸੀ. ਦੇ ਹੋਰ ਸ਼ਹਿਰਾਂ ਵਿਚ ਆ ਵਸਣਗੇ। ਇਸ ਲਈ ਸਾਨੂੰ ਹੁਣ ਤੋਂ ਹੀ ਉਹਨਾਂ ਦੀ ਆਮਦ ਲਈ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਸੰਪਾਦਕੀ ਵਿਚ ਇਸ ਗੱਲ ਦਾ ਜ਼ਿਕਰ ਤੱਕ ਨਹੀਂ ਪਾਇਆ ਗਿਆ ਕਿ ਹਾਂਗਕਾਂਗ ਵਿਚ ਗੋਰੇ ਵੀ ਵਸਦੇ ਹਨ ਉਹਨਾਂ ਵਿਚੋਂ ਵੀ ਕੁਝ ਜ਼ਰੂਰ ਇਧਰ ਆਉਣਗੇ। ਨਾ ਹੀ ਇਹੋ ਜਿਹਾ ਸੰਪਾਦਕੀ ਲੇਖ ਜਦੋਂ ਜ਼ਿਮਬਾਬਵੇ (ਰੋਡੇਸ਼ੀਆ) ਵਿਚੋਂ ਗੋਰਿਆਂ ਦੀ ਨਸਲਵਾਦੀ ਸਰਕਾਰ ਖਤਮ ਹੋਈ ਤਾਂ ਉਸ ਤੋਂ ਪਹਿਲਾਂ ਨਜ਼ਰ ਆਇਆ ਸੀ। ਉਥੋਂ ਵੀ ਕਾਫੀ ਗੋਰੇ ਕੈਨੇਡਾ ਆਏ ਹਨ ਤੇ ਆ ਰਹੇ ਹਨ। ਇਹੋ ਗੱਲਾਂ ਦੱਖਣੀ ਅਫਰੀਕਾ ਬਾਰੇ ਵੀ ਢੁਕਦੀ ਹੈ, ਉਥੋਂ ਵੀ ਅਗਲੇ ਪੰਦਰਾਂ ਵੀਹਾਂ ਸਾਲਾਂ ਵਿਚ ਕਾਫੀ ਗੋਰੇ ਇਧਰ ਨੂੰ ਆਉਣਗੇ। ਪਰ ਉਹਨਾਂ ਬਾਰੇ ਕਦੇ ਕੁਝ ਇਹੋ ਜਿਹਾ ਲਿਖਿਆ ਨਹੀਂ ਮਿਲਦਾ। ਚਾਹੀਦਾ ਤਾਂ ਇਹ ਹੈ ਕਿ ਸੰਪਾਦਕੀ ਲਿਖੇ ਜਾਣ ਕਿ ਆਉਣ ਵਾਲੇ ਸਮੇਂ ਵਿਚ ਬਹੁਤ ਸਾਰੇ ਨਸਲੀ ਗੋਰੇ ਦੱਖਣੀ ਅਫਰੀਕਾ ਵਿਚੋਂ ਬਹੁ-ਸੰਮਤੀ ਕਾਲਿਆਂ ਕੋਲੋਂ ਭਾਂਜ ਖਾਕੇ ਇਧਰ ਨੂੰ ਆਉਣਗੇ ਤੇ ਆ ਕੇ ਇਥੋਂ ਦੇ ਨਸਲੀ ਸਬੰਧਾਂ ਨੂੰ ਹੋਰ ਵੀ ਵਿਗਾੜਨਗੇ। ਪਰ ਹੋ ਕੀ ਰਿਹਾ ਹੈ ਕਿ ਪੰਦਰਾਂ ਸਾਲ ਪਹਿਲਾਂ ਹੀ ਚੀਨਿਆਂ ਦੇ ਲੱਖਾਂ ਦੀ ਗਿਣਤੀ ਵਿਚ ਏਥੇ ਆਉਣ ਬਾਰੇ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ। ਤੇ ਇਹ ਕੀਤਾ ਵੀ ਉਦੋਂ ਜਾ ਰਿਹਾ ਹੈ ਜਦੋਂ ਬੀ.ਸੀ. ਦੀ ਸਭ ਤੋਂ ਵੱਡੀ ਸਨਅਤ ਲੱਕੜੀ ਦਾ ਕਾਰੋਬਾਰ ਪੂਰੀ ਤਰਾਂ ਬੰਦ ਪਿਆ ਹੈ। ਇਥੋਂ ਦੀਆਂ ਖਾਣਾਂ ਧੜਾਧੜ ਬੰਦ ਹੋ ਰਹੀਆਂ ਹਨ। ਸਕੂਲਾਂ, ਹਸਪਤਾਲਾਂ ਵਿਚੋਂ ਕਟੌਤੀਆਂ ਕਰਕੇ ਕਾਮਿਆਂ ਨੂੰ ਧੜਾਧੜ ਕੰਮਾਂ ਤੋਂ ਵਿਹਲਿਆਂ ਕੀਤਾ ਜਾ ਰਿਹਾ ਹੈ। ਬੇਰੁਜ਼ਗਾਰੀ ਦੀ ਦਰ ਤੇਰਾਂ ਚੌਦਾਂ ਪ੍ਰਤੀਸ਼ਤ ਦੁਆਲੇ ਹੈ। ਅਤੇ ਇਹ ਆਰਥਿਕ ਮੰਦਵਾੜਾ ਅਜੇ ਕਿਸੇ ਤਰਾਂ ਵੀ ਨੇੜੇ ਭਵਿੱਖ ਵਿਚ ਸੁਧਰਦਾ ਨਜ਼ਰ ਨਹੀਂ ਆਉਂਦਾ।

ਜ਼ਰਾ ਸੋਚੋ ਕਿ ਉਹ ਗੋਰੇ ਕਾਮੇ ਜਿਹੜੇ ਸਾਲ ਸਾਲ ਭਰ ਤੋਂ ਮਿੱਲਾਂ ਤੋਂ 'ਲੇ-ਆਫ' ਹੋਕੇ ਘਰੀਂ ਬੈਠੇ ਹਨ, ਜਿਨ੍ਹਾਂ ਦਾ ਬੇਰੁਜ਼ਗਾਰੀ ਭੱਤਾ (U.I.C.) ਮੁੱਕ ਚੁੱਕਾ ਹੈ ਜਾਂ ਮੁੱਕਣ ਵਾਲਾ ਹੈ ਤੇ ਹੁਣ ਉਨ੍ਹਾਂ ਨੂੰ ਅਵੱਸ਼ ਹੀ 'ਵੈੱਲਫੇਅਰ' ਤੇ ਜਾਣਾ ਪੈਣਾ ਹੈ, ਉਹ ਜਦੋਂ ਇਹੋ ਜਿਹਾ ਸੰਪਾਦਕੀ ਪੜ੍ਹਦੇ ਹਨ ਤਾਂ ਕੀ ਸੋਚਦੇ ਹੋਣਗੇ? ਇਸ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਤੇ ਇਹਨਾਂ ਲਿਖਤਾਂ ਦਾ ਮਕਸਦ ਉਨ੍ਹਾਂ ਨੂੰ ਇਸ ਤਰਾਂ ਸੋਚਣ ਲਾਉਣਾ ਹੈ। • (BURNABY, B.C.)

## ੪. ਸ਼ੁਭ ਸ਼ਗਨ ('ਸੁਤੰਤਰ ਦੀਪਕ)

ਪੰਜਾਬੀ ਕਲਚਰਲ ਐਸੋਸੀਏਸ਼ਨ, ਅਲਬਰਟਾ ਵਲੋਂ ਚਾਰ ਦਸੰਬਰ ੧੯੮੨ ਦੀ ਸ਼ਾਮ ਨੂੰ ਗੀਤਾਂ, ਗਜ਼ਲਾਂ ਅਤੇ ਕਵਿਤਾਵਾਂ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਪ੍ਰਬੰਧਕਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਅਨੇਕਾਂ ਤਰੁਟੀਆਂ ਰਹਿ ਗਈਆਂ ਸਨ ਜਿਹਾ ਕਿ ਪ੍ਰੋਗਰਾਮ ਦਾ ਨੀਯਤ ਸਮੇਂ ਸਿਰ ਸ਼ੁਰੂ ਨਾ ਹੋਣਾ, ਸਾਊਂਡ ਸਿਸਟਮ ਦਾ ਕੰਮ ਨਾਂ ਕਰਨਾ ਵਗੈਰਾ ਵਗੈਰਾ। ਪਰ ਮੈਂ ਤਾਂ ਇਕ ਸ਼ੁਭ ਸ਼ਗਨ ਵੱਲ ਇਸ਼ਾਰਾ ਕਰਨਾ ਹੈ।

ਜਦ ਅੱਧਾ ਕੁ ਪ੍ਰੋਗਰਾਮ ਹੋ ਚੁੱਕਿਆ ਸੀ ਤਾਂ [illegible] ਬੈਠੇ ਕੁਝ ਪੁਰਸ਼ ਸ਼ਰਾਬ ਪੀ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਰਹੇ ਸਨ। ਐਸੋਸੀਏਸ਼ਨ ਦੇ ਹਮਦਰਦ ਸਰਗਰਮ ਮੈਂਬਰਾਂ ਨੇ ਉਨ੍ਹਾਂ ਨੂੰ ਅਜੇਹੀਆਂ ਕਰਤੂਤਾਂ ਨਾ ਕਰਨ ਦੀ ਬੇਨਤੀ ਕੀਤੀ। ਗੁੰਡੇ ਅਨਸਰ ਆਪਣੀ ਆਦਤ ਤੋਂ ਮਜਬੂਰ ਸਨ। ਸਮੇਂ ਸਮੇਂ ਸਿਰ ਉਨ੍ਹਾਂ ਨੇ ਹਾਲ ਵਿਚ ਬੈਠੇ ਦਰਸ਼ਕਾਂ ਨੂੰ ਮੰਦਾ ਬੋਲਿਆ, ਉਨ੍ਹਾਂ ਨੂੰ ਅਜੇਹੇ ਰੌਲੇ ਗੌਲੇ ਤੋਂ ਰੋਕਣ ਗਏ ਸ਼ੁਹਿਰਦ ਸਰੋਤੇ ਨੂੰ ਗਾਲਾਂ ਕੱਢੀਆਂ, ਸ਼ੋਰ ਮਚਾਇਆ, ਕਾਰੀਡੋਰ ਦਾ ਫਾਇਰ ਅਲਾਰਮ ਖਿੱਚਿਆ ਅਤੇ ਇਕ ਦਰਵਾਜ਼ੇ ਦੇ ਸ਼ੀਸ਼ੇ ਤੋੜੇ। ਸਿੱਟੇ ਵਜੋਂ ਉਕਤਾਏ ਹੋਏ ਸਰੋਤਿਆਂ ਨੇ ਉਪਰੋਕਤ ਸ਼ੁਹਿਰਦ ਸਰੋਤੇ ਦੀ ਅਗਵਾਈ ਹੇਠ ਤਿੰਨ ਕਿਸ਼ਤਾਂ ਵਿਚ – ਹਾਲ ਦੇ ਅੰਦਰ, ਹਾਲ ਦੇ ਬਾਹਰ ਅਤੇ ਸਕੂਲ ਦੇ ਬਾਹਰ ਮੁਸ਼ਟੰਡਿਆਂ ਦੀ ਰੱਜ-ਰੱਜ ਕੇ ਛਿਤਰਸੇਵਾ ਕੀਤੀ। ਪੰਦਰਾਂ ਤੋਂ ਸੱਠ ਸਾਲ ਤੱਕ ਦੇ ਸਰੋਤਿਆਂ ਨੇ ਇਸ ਲੋਕ ਕਾਰਜ (MASS ACTION) ਵਿਚ ਹਿੱਸਾ ਲਿਆ। ਕੁਟਵਾਈ ਦੀ ਸ਼ਿੱਦਤ (INTENSITY) ਹਰ ਵਾਰ ਵਧਦੀ ਹੀ ਗਈ। ਪੰਜਾਂ ਵਿਚੋਂ ਇਕ ਦੀ ਸ਼ਕਲ ਤਾਂ ਨਮੂਨੇ ਦੀ ਬਣਾ ਦਿੱਤੀ। ਕਿਉਂਕਿ ਪਬਲਿਕ ਪਰਾਪਰਟੀ ਦਾ ਨੁਕਸਾਨ ਹੋਇਆ ਸੀ, ਇਸ ਕਰਕੇ ਪੁਲੀਸ ਬੁਲਾਈ ਗਈ ਅਤੇ ਫੜੇ ਹੋਏ ਗੰਦੇ ਅਨਸਰ ਨੂੰ ਪੁਲੀਸ ਦੇ ਹਵਾਲੇ ਕੀਤਾ ਗਿਆ। ਜਿਹੜੇ ਦੌੜ ਗਏ ਸਨ, ਉਹ ਵੀ ਬਾਅਦ ਵਿਚ ਆਪਣੀਆਂ ਕਾਰਾਂ ਲੈਣ ਆਏ ਕਾਬੂ ਕਰ ਲਏ ਗਏ।

ਪੰਜਾਬੀ ਸਮਾਗਮਾਂ ਵਿਚ ਕੁਝ ਸ਼ਰਾਰਤੀ ਅਨਸਰਾਂ ਦਾ ਸ਼ਰਾਬ ਪੀਕੇ ਜਾਣਾ ਜਾਂ ਹੁੱਲੜਬਾਜ਼ੀ ਕਰਨੀ ਪੰਜਾਬੀਆਂ ਲਈ ਕੋਈ ਨਵੀਂ ਘਟਨਾ ਨਹੀਂ ਹੈ। ਪਰ ਜਿਸ ਤਰਾਂ ਸਾਰੇ ਸਰੋਤਿਆਂ ਨੇ ਇਕੱਠੇ ਹੋਕੇ ਇਹਨਾਂ ਗੁੰਡੇ-ਅਨਸਰਾਂ ਦੀ ਮੁਰੰਮਤ ਕੀਤੀ, ਉਹ ਅਵੱਸ਼ ਹੀ ਐਡਮੰਟਨ ਵਿਚ ਪਹਿਲੀ ਵਾਰ ਹੋਇਆ ਹੈ ਅਤੇ ਸ਼ੁਭ ਸ਼ਗਨ ਹੈ ਜਿਸ ਲਈ ਸਾਰੇ ਪੰਜਾਬੀ ਵਧਾਈ ਦੇ ਹੱਕਦਾਰ ਹਨ। ਉਨ੍ਹਾਂ ਦੇ ਸਹਿਯੋਗ ਸਦਕਾ ਭਵਿੱਖ ਵਿਚ ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਹੋਰ ਵੀ ਨਿੱਗਰ ਅਤੇ ਸਿਹਤਮੰਦ ਪ੍ਰੋਗਰਾਮਾਂ ਦੀ ਆਸ ਕੀਤੀ ਜਾ ਸਕਦੀ ਹੈ। ਦੂਜੇ ਪਾਸੇ ਹਰ ਕਿਸਮ ਦੇ ਗੰਦੇ ਅਨਸਰ ਭਵਿੱਖ ਵਿਚ ਹੋਰ ਵੀ ਵਧੇਰੇ ਜੁੱਤੀਆਂ ਦੀ ਆਸ ਰੱਖ ਸਕਦੇ ਹਨ। • (EDMONTON, ALBERTA)

ਕਹਾਣੀ

# ਜੱਟ ਦਾ ਪੁੱਤ

ਸਾਧੂ

---

ਗੁਰਮੀਤ ਨੇ ਕਾਰ ਸਿਨਮੇ ਤੋਂ ਦੋ ਬਲਾਕ ਪਿੱਛੇ ਹੀ ਖੜ੍ਹੀ ਕਰ ਦਿੱਤੀ। ਤਿੰਨ ਕੁ ਸਾਲਾਂ ਦੇ ਰੌਬੀ ਨੂੰ ਉਂਗਲ ਲਾ ਕੇ ਉਹ ਆਪਣੀ ਵਹੁਟੀ ਤੇ ਭੈਣ ਦੇ ਵਿਚਾਲੇ ਹੋ ਕੇ ਤੁਰਨ ਲੱਗਾ। ਗਰਮੀਆਂ ਦੀ ਸ਼ਾਮ ਅਸਮਾਨ ਛੋਹਦੀਆਂ ਇਮਾਰਤਾਂ ਵਾਲੇ ਇਸ ਸੀਮਿੰਟ ਦੇ ਜੰਗਲ ਵਿੱਚ ਵੀ ਸੁਖਾਵੀਂ ਲੱਗ ਰਹੀ ਸੀ। ਕੁਝ ਮੌਸਮ ਦਾ ਅਸਰ, ਕੁਝ ਪੰਜਾਬੀ ਸੂਟਾਂ ਸਲਵਾਰਾਂ ਦੀ ਚਮਕ ਤੇ ਕੁਝ ਟੋਲੀਆਂ 'ਚੋਂ ਆ ਰਹੇ ਪੰਜਾਬੀ ਹਾਸੇ ਨਾਲ ਮਾਹੌਲ ਬਿਲਕੁਲ ਜਲੰਧਰ, ਲੁਧਿਆਣੇ ਦੇ ਸਿਨਮਿਆਂ ਵਰਗਾ ਲੱਗਦਾ ਸੀ। ਉਂਝ ਕਿਸੇ ਹੋਰ ਵਕਤ ਇੱਥੋਂ ਦੀ ਲੰਘੋ ਤਾਂ ਤੁਹਾਨੂੰ ਇਹ ਸੀਮਿੰਟ ਦੀ ਇਮਾਰਤ ਵੀ ਬਾਕੀ ਇਮਾਰਤਾਂ ਵਾਂਗ ਹੀ ਕੰਕਰੀਟ ਦਾ ਬੇਜਾਨ ਘੁਰਨਾ ਲੱਗੇਗੀ।

ਸਿਨਮੇ ਅੱਗੇ ਖੜ੍ਹੇ ਮੁੰਡਿਆਂ ਦੀਆਂ ਟੋਲੀਆਂ ਜ਼ਨਾਨੀਆਂ ਨੂੰ 'ਏਅਰ-ਪੋਰਟ' ਦੇ 'ਕਸਟਮ-ਅਫ਼ਸਰਾਂ' ਵਾਂਗ ਘੂਰ ਰਹੀਆਂ ਸਨ ਜਿਵੇਂ ਕੁਝ ਵੀ ਅਣਦੇਖਿਆ ਨਾ ਲੰਘਣ ਦੇਣਾ ਚਾਹੁੰਦੇ ਹੋਣ। ਗੁਰਮੀਤ ਨੇ ਉਹਨਾਂ ਦੀਆਂ ਨਜ਼ਰਾਂ ਆਪਣੀ ਭੈਣ ਤੇ ਵਹੁਟੀ ਵੱਲ ਘੁੰਮਦੀਆਂ ਦੇਖੀਆਂ। ਪਲ ਦੀ ਪਲ ਉਹ ਚਕਰਾ ਜਿਹਾ ਗਿਆ। ਸੋਲ੍ਹਾਂ ਸਾਲਾਂ ਦੀ ਨਰਿੰਦਰ ਜਿਹਨੂੰ ਉਹ ਅਜੇ ਵੀ ਗੁੱਡੀ ਹੀ ਸੱਦਦੇ ਸਨ, ਉਹਨੂੰ ਆਪੇ ਤੋਂ ਉੱਚੀ ਹੋ ਗਈ ਜਾਪੀ। ਉਹਨੂੰ ਨਰਿੰਦਰ ਦਾ ਰੰਗ ਵੀ ਬੜੀ ਅਜੀਬ ਜਿਹੀ ਤਰ੍ਹਾਂ ਵੱਖਰਾ ਵੱਖਰਾ ਚਮਕਦਾ ਲੱਗਾ। ਉਹਨੇ ਰੌਬੀ ਨੂੰ ਸੱਜਿਉਂ ਖੱਬੇ ਹੱਥ ਕਰਦਿਆਂ ਨਰਿੰਦਰ ਹੋਰਾਂ ਨੂੰ ਕਾਹਲੀ ਕਾਹਲੀ ਚੱਲਣ ਲਈ ਕਿਹਾ।

ਹਾਲ ਅੰਦਰ ਵੜਨ ਵੇਲੇ ਕਿਸੇ ਨੇ ਉਹਨੂੰ ਇਕ ਅਖ਼ਬਾਰ ਫੜਾਉਂਦਿਆਂ ਕਿਹਾ, "ਕਿੱਦਾਂ ਕਾਮਰੇਡ ਕੀ ਹਾਲ ਚਾਲ ਆ।" ਕਹਿਣ ਵਾਲੇ ਦੇ ਚਿਹਰੇ ਵੱਲ ਦੇਖਦਿਆਂ ਫਿਰ ਸਿਰ ਨੂੰ ਹੌਲੀ ਜਿਹੀ ਥੱਲੇ ਨੂੰ ਮਾਰਦਿਆਂ, "ਠੀਕ ਐ" ਕਹਿ ਕੇ ਉਹ ਨਰਿੰਦਰ ਹੋਰਾਂ ਦੇ ਪਿੱਛੇ ਅੰਦਰ ਲੰਘ ਗਿਆ। ਹਾਲ ਅੱਧੇ ਤੋਂ ਉੱਪਰ ਭਰ ਚੁੱਕਾ ਸੀ। ਨਿਆਣੇ ਹਾਲ ਵਿਚ ਭੱਜੇ ਫਿਰਦੇ ਸਨ। ਪੋਲਾ ਪੋਲਾ ਰੌਲਾ ਪੈ ਰਿਹਾ ਸੀ। ਹਾਲ ਵਿੱਚ ਵੜਦਿਆਂ ਉਹਨੇ ਬੜਾ ਪੰਜਾਬੀ ਪੰਜਾਬੀ ਮਹਿਸੂਸ ਕੀਤਾ ਜਿਹਦੇ ਨਾਲ ਉਹਦੀ ਰੂਹ ਖਿੜ ਗਈ।

ਇਕ ਪਾਸੇ ਉਹਨਾਂ ਸੀਟਾਂ ਮੱਲ ਲਈਆਂ। ਫ਼ਿਲਮ ਸ਼ੁਰੂ ਹੋਣ ਵਿਚ ਅਜੇ ਵਕਤ ਬਾਕੀ ਸੀ। ਨਰਿੰਦਰ ਤੇ ਜੀਤੋ ਰੌਬੀ ਨੂੰ ਖਿਡਾਉਣ ਲੱਗ ਪਈਆਂ ਤੇ ਉਹ ਹੱਥ ਵਿੱਚ ਫੜਿਆ ਅਖ਼ਬਾਰ ਦੇਖਣ ਲੱਗ ਪਿਆ। ਉਹ ਬਾਹਰ ਖੜ੍ਹੇ ਮੁੰਡੇ ਦਾ ਚਿਹਰਾ ਪਛਾਨਣ ਦੀ ਕੋਸ਼ਿਸ਼ ਕਰਨ ਲੱਗਾ ਜਿਹਨੇ ਉਹਨੂੰ ਕਾਮਰੇਡ ਕਿਹਾ ਸੀ। ਉਹਨੂੰ ਯਾਦ ਆਇਆ ਉਹਨੇ ਇਸ ਮੁੰਡੇ ਨੂੰ ਇੱਕ ਵਾਰੀ ਹਰਦੇਵ ਨਾਲ ਦੇਖਿਆ ਸੀ। ਹਰਦੇਵ ਦੀ ਯਾਦ ਨਾਲ ਉਹਨੂੰ ਹੋਰ ਵੀ ਕੁਝ ਯਾਦ ਆਉਣ ਲੱਗ ਪਿਆ। ਹੱਥ ਵਿਚ ਅਖ਼ਬਾਰ ਫੜੀ, ਜਿਹਦੇ 'ਤੇ ਸੁਰਖੀਆਂ ਸਨ — ਹਿੰਦੁਸਤਾਨ ਦੀ ਲੁੱਟੀ ਜਾ ਰਹੀ ਜਨਤਾ ਬਾਰੇ, ਉਹਨਾਂ ਦੀ ਭਲਾਈ ਬਾਰੇ, ਇਨਕਲਾਬ ਬਾਰੇ, ਉਹ ਬੀਤੇ 'ਚ ਗੁਆਚ ਗਿਆ। — ਕਾਲਜ ਦੀ ਪੜ੍ਹਾਈ ਸ਼ੁਰੂ ਕਰਨ ਤੋਂ ਥੋੜ੍ਹਾ ਬਾਅਦ ਹੀ ਉਹਦੀ ਹਰਦੇਵ ਨਾਲ ਦੋਸਤੀ ਹੋ ਗਈ ਸੀ। ਹਰਦੇਵ ਬੜਾ ਸੁਲਝਿਆ ਹੋਇਆ ਤੇ ਅਗਾਂਹਵਧੂ ਸੀ। ਉਹਨੂੰ ਕਿੰਨਾ ਮਾਣ ਤੇ ਖੁਸ਼ੀ ਹੋਈ ਸੀ ਜਦੋਂ ਹਰਦੇਵ ਉਹਦੇ ਨਾਲ ਮਿਲ ਕੇ ਕਮਰਾ ਲੈਣਾ ਮੰਨ ਗਿਆ ਸੀ। ਤੇ ਉਸ ਸੱਤਾਂ ਅੱਠਾਂ ਮਹੀਨਿਆਂ ਦੇ ਸਮੇਂ ਵਿਚ ਕਿੰਨਾ ਕੁਝ ਸਿੱਖਿਆ ਸੀ ਉਹਨੇ ਹਰਦੇਵ ਤੋਂ। ਜਦ ਉਹਨਾਂ ਦੇ ਕਾਲਜ ਵਿੱਚ ਇਕ ਵਾਰ ਸਟਰਾਈਕ ਹੋਈ ਤਾਂ ਹਰਦੇਵ ਸਭ ਤੋਂ ਅੱਗੇ ਸੀ। ਉਹਨੇ ਵੀ ਹਰਦੇਵ ਦੇ ਅਸਰ ਹੇਠ ਸਟਰਾਈਕ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਸੀ।

— ਫੇਰ ਉਹਨਾਂ ਇਕੱਠਿਆਂ ਨੂੰ ਹੀ ਉਹ ਕਾਲਜ ਛੱਡਣਾ ਪਿਆ ਅਤੇ ਉਹਨਾਂ ਦੂਜੇ ਸ਼ਹਿਰ ਵਿਚ ਫਿਰ ਇਕੱਠਿਆਂ ਰਹਿਣਾ ਸ਼ੁਰੂ ਕਰ ਦਿੱਤਾ। ਉਸ ਕਾਲਜ ਦੇ ਹੋਸਟਲ ਵਿਚ ਉਹਨਾਂ ਕਿੰਨਾ ਹੀ ਇਨਕਲਾਬੀ ਸਾਹਿਤ ਪੜ੍ਹਿਆ ਤੇ ਵਿਚਾਰਿਆ। ਉਹ ਇਕੱਠੇ ਇਸ ਸਿੱਟੇ ਤੇ ਪੁੱਜੇ ਸਨ ਕਿ ਜੋ ਕੁਝ ਵੀ ਉਹਨਾਂ ਦੁਆਲੇ ਸਮਾਜ ਵਿਚ ਵਾਪਰ ਰਿਹਾ ਸੀ ਗਲਤ ਸੀ। ਸਭ ਕਾਸੇ ਨੂੰ ਬਦਲਣ ਦੀ ਲੋੜ ਸੀ। ਤੇ ਉਸ ਬਦਲੀ ਲਈ ਇਨਕਲਾਬ ਤੇ ਇਨਕਲਾਬ ਲਈ ਕੁਰਬਾਨੀ ਦੀ ਲੋੜ ਸੀ। ਹਰਦੇਵ ਨੇ ਫੈਸਲਾ ਕਰ ਲਿਆ ਸੀ ਤੇ ਉਸ ਫੈਸਲੇ ਤੇ ਚੱਲਣ ਲਈ ਉਹ ਸਾਰੀ ਸ਼ਕਤੀ ਲਾ ਰਿਹਾ ਸੀ। ਪਰ ਉਹ ਖੁਦ ਕੋਈ ਫੈਸਲਾ ਨਾਂ ਕਰ ਸਕਿਆ। ਜਦ ਉਹ ਇਨਕਲਾਬੀ ਸਾਹਿਤ ਪੜ੍ਹ ਰਿਹਾ ਹੁੰਦਾ, ਜਾਂ ਸਾਥੀਆਂ ਨਾਲ ਵਿਚਾਰ ਕਰ ਰਿਹਾ ਹੁੰਦਾ ਜਾਂ ਸਮਾਜ ਵਿਚ ਲੋਕਾਂ ਨਾਲ ਧੱਕਾ ਹੁੰਦਾ ਦੇਖਦਾ ਤਾਂ ਉਹਨੂੰ ਲੱਗਦਾ ਕਿ ਜ਼ਿੰਦਗੀ ਵਿਚ ਜੇ ਬੰਦਾ ਆਪਣੇ ਲੋਕਾਂ ਦੀ ਭਲਾਈ ਲਈ ਜਾਨ ਤੱਕ ਦੀ ਬਾਜ਼ੀ ਨਾਂ ਲਾ ਦੇਵੇ ਤਾਂ ਉਂਝ ਹੀ ਜੀਊਣ ਦਾ ਕੋਈ ਫਾਇਦਾ ਨਹੀਂ।

— ਪਰ ਜਦ ਕਦੀ ਉਹ ਆਪਣੇ ਘਰ ਜਾਂਦਾ ਜਾਂ ਘਰ ਦੀ ਹਾਲਤ ਬਾਰੇ ਸੋਚਦਾ ਤਾਂ ਉਹਦਾ ਇਰਾਦਾ ਡਾਵਾਂਡੋਲ ਹੋ ਜਾਂਦਾ। ਉਹਦੇ ਮਾਂ-ਪਿਉ ਆਪਣੇ ਹੱਥ ਪੈਰ ਵੇਚ ਕੇ ਉਹਦੀ ਪੜ੍ਹਾਈ ਦਾ ਖਰਚ ਤੋਰ ਰਹੇ ਸਨ। ਉਹਨਾਂ ਦੀਆਂ ਸਾਰੀਆਂ ਆਸਾਂ-ਉਮੀਦਾਂ ਉਹਦੇ 'ਤੇ ਹੀ ਸਨ। ਹੁਣ ਗਹਿਣੇ ਪੈ ਰਹੀ ਜ਼ਮੀਨ ਨੂੰ ਇਕ ਦਿਨ ਕਮਾਈ ਕਰ ਕੇ ਉਹਨੇ ਹੀ ਛੁਡਾਉਣਾ ਸੀ। ਇਸੇ ਆਸ ਤੇ ਉਹਦੇ ਬੁੱਢੇ ਹੋ ਰਹੇ ਪਿਉ ਦੇ ਗਹਿਣੇ ਦਿਆਂ ਕਾਗਜ਼ਾਂ ਤੇ ਅੰਗੂਠਾ ਲਾਉਂਦੇ ਦੇ ਕਦੀ ਹੱਥ ਨਹੀਂ ਸਨ ਕੰਬੇ।

— ਘਰਦਿਆਂ ਦੀ ਗਰੀਬੀ ਤੇ ਉਹਦੇ ਤੇ ਆਸਾਂ ਨਾਲੋਂ ਵੀ ਇਕ ਵੱਡਾ ਕਾਰਨ ਹੋਰ ਸੀ ਜਿਹਨੂੰ ਉਹ ਆਪਣੇ ਅੰਦਰ ਹੀ ਦੱਬ ਕੇ ਰੱਖਦਾ। ਇਹ ਸੀ ਉਹਦਾ ਖੁਦ ਡਰੂ ਹੋਣਾ। ਉਹ ਜਦੋਂ ਪੁਲਸ ਤਸ਼ੱਦਦ ਦੀਆਂ ਕਹਾਣੀਆਂ ਸੁਣਦਾ ਤਾਂ ਉਹਦੇ ਅੰਦਰੋਂ ਉਹਨੂੰ ਕੁਝ ਕੁਝ ਟੁੱਟਦਾ ਮਰੋੜਿਆ ਜਾਂਦਾ ਮਹਿਸੂਸ ਹੁੰਦਾ। ਇਨਕਲਾਬ ਦੀ ਜ਼ਰੂਰਤ ਤੇ ਉਸ ਲਈ ਕੁਰਬਾਨੀ ਦੀ ਲੋੜ, ਇਹ ਦੋਵੇਂ ਗੱਲਾਂ ਉਹਨੂੰ ਆਪਣੀ ਹੋਂਦ ਨਾਲੋਂ ਵੀ ਵੱਧ ਸੱਚ ਜਾਪਦੀਆਂ ਸਨ। ਪਰ ਉਹ ਫੇਰ ਵੀ ਆਪਣੇ ਅੰਦਰਲੇ ਡਰ ਕਰਕੇ ਕੋਈ ਫੈਸਲਾ ਨਾਂ ਕਰ ਸਕਿਆ।

ਉਹ ਆਪਣੀਆਂ ਸੋਚਾਂ ਵਿਚ ਗੁੰਮ ਬੈਠਾ ਸੀ ਜਦੋਂ ਰੋਸ਼ੀ ਨੇ ਪੋਲੇ ਜਿਹੇ ਉਹਦੇ ਹੱਥ 'ਤੇ ਹੱਥ ਮਾਰਿਆ ਤੇ ਨਾਲ ਹੀ ਖੁਸ਼ੀ 'ਚ 'ਹੈਲੋ' ਕਿਹਾ। ਉਹ ਤ੍ਰਭ੍ਹ ਜਿਹਾ ਗਿਆ। ਉਹਦੀ ਸੋਚਾਂ ਦੀ ਲੜੀ ਟੁੱਟ ਗਈ। ਉਹਨੇ ਹਾਲ ਵਿਚ ਨਿਗਾਹ ਘੁਮਾਈ। ਲੋਕ ਅਜੇ ਵੀ ਅੰਦਰ ਆ ਰਹੇ ਸਨ। ਵਕਤ ਹੋ ਚੁੱਕਾ ਸੀ ਪਰ ਅਜੇ ਫਿਲਮ ਨਹੀਂ ਸੀ ਸ਼ੁਰੂ ਹੋਈ। ਉਹਨਾਂ ਦੀਆਂ ਸੀਟਾਂ ਦੇ ਬਰਾਬਰ ਕਰਕੇ ਅਗਲੀ ਪਾਲ ਵਿਚ ਦੋ ਕੁ ਮੁੰਡੇ ਬੈਠੇ ਸੀਟਾਂ ਤੋਂ ਪਰੇ ਲਾਂਘੇ ਵਿਚ ਖੜ੍ਹੇ ਇਕ ਹੋਰ ਮੁੰਡੇ ਨਾਲ ਗੱਲਾਂ ਕਰ ਰਹੇ ਸਨ। ਲਾਂਘੇ ਵਿਚ ਖੜ੍ਹਾ ਮੁੰਡਾ ਸਿੱਧਾ ਨਰਿੰਦਰ ਵੱਲ ਵੇਖ ਰਿਹਾ ਸੀ। ਇਹ ਵੇਖਕੇ ਗੁਰਮੀਤ ਨੂੰ ਗੁੱਸਾ ਆਇਆ। ਉਹਨੇ ਆਪਣੀ ਵਹੁਟੀ ਤੇ ਨਰਿੰਦਰ ਵੱਲ ਵੇਖਿਆ। ਨਰਿੰਦਰ ਸ਼ਰਮਸਾਰ ਹੋਈ ਨੀਵੀਂ ਪਾਈ ਬੈਠੀ ਸੀ। ਪਰ੍ਹੇ ਖੜ੍ਹੇ ਮੁੰਡੇ ਨੇ ਨਰਿੰਦਰ ਵਲ ਵੇਖ ਕੇ ਦੂਜਿਆਂ ਮੁੰਡਿਆਂ ਨੂੰ ਕਿਹਾ, "ਬੱਲੇ ਨੂੰ ਵੀ ਵੇਖੀ ਜਾਨੈ, ਗੁਆਚ ਗਿਆ ਤੇਰਾ ਕੁਝ" ਤੇ ਬੈਠੇ ਮੁੰਡਿਆਂ ਵਿਚੋਂ ਇਕ ਨੇ ਜਵਾਬ ਦਿੱਤਾ, "ਗੁਆਚਾ ਵੀ ਹੋਵੇ, ਤੈਨੂੰ ਕੋਈ ਪਰਤਾ ਆ ਵੱਡੇ ਆਸ਼ਕ ਨੂੰ।" ਗੁਰਮੀਤ ਦਾ ਦਿਲ ਕੀਤਾ ਕਿ ਉਹਨਾਂ ਨੂੰ ਦਬਕ ਦੇਵੇ ਪਰ ਫੇਰ ਕੁਝ ਸੋਚ ਕੇ ਚੁੱਪ ਰਿਹਾ। ਇੰਨੇ ਨੂੰ ਫਿਲਮ ਸ਼ੁਰੂ ਹੋ ਗਈ।

ਹਾਲ 'ਚ ਹਨੇਰਾ ਸੀ। ਫਿਲਮ ਚੱਲ ਰਹੀ ਸੀ। ਗੁਰਮੀਤ ਦੀ ਫਿਲਮ ਵਿਚ ਕੋਈ ਦਿਲਚਸਪੀ ਨਾਂ ਬਣੀ। ਕੁਝ ਦੇਰ ਤਾਂ ਉਹ ਮੁੰਡਿਆਂ ਦੀਆਂ ਹਰਕਤਾਂ ਤੇ ਖਿੱਝਦਾ ਗੁੱਸਾ ਉਗਲਦਾ ਰਿਹਾ ਫੇਰ ਹੌਲੀ ਹੌਲੀ ਪਹਿਲਾਂ ਵਾਲੀਆਂ ਯਾਦਾਂ ਵਿਚ ਗੁਆਚ ਗਿਆ — ਕਾਲਜ ਦਾ ਉਹ ਸਮਾਂ ਉਹਦੀ ਦੋਚਿੱਤੀ ਦਾ ਸਮਾਂ ਸੀ। ਇੱਕ ਵਧਦੀ ਇਨਕਲਾਬੀ ਚੇਤਨਾ ਦੇ ਨਾਲ ਉਹ ਆਪਣੇ ਆਪ ਨੂੰ ਕੁਰਬਾਨੀ ਲਈ ਤਿਆਰ ਕਰਨਾ ਚਾਹੁੰਦਾ ਸੀ। ਘਰਦਿਆਂ ਦੀ ਹਾਲਤ ਤੇ ਉਹਦੇ ਆਪਣੇ ਅੰਦਰ ਦਾ ਡਰ ਉਹਨੂੰ ਅਜਿਹਾ ਕਰਨ ਤੋਂ ਰੋਕਦੇ ਸਨ। ਦੇਸ਼ ਦੇ ਸਿਆਸੀ ਮਾਹੌਲ ਵਿਚ ਬੇਚੈਨੀ ਨਿੱਤ ਵਧ ਰਹੀ ਸੀ। ਕਾਲਜ ਦੀ ਹਵਾ ਵਿਚ ਇਨਕਲਾਬੀ ਤੱਤ ਤੇਜ਼ ਹੋ ਰਿਹਾ ਸੀ। ਕਾਲਜ ਵਾਲਿਆਂ ਦਾ ਵੀ ਧਿਆਨ ਹਰਦੇਵ ਤੇ ਉਹਦੇ ਸਾਥੀਆਂ ਦੀਆਂ ਵਧਦੀਆਂ ਕਾਰਵਾਈਆਂ ਵੱਲ ਖਿੱਚਿਆ ਜਾਣ ਲੱਗਾ। ਕਿਸੇ ਛੋਟੀ ਜਿਹੀ ਗੱਲ ਪਿੱਛੇ ਕਾਲਜ ਦੇ ਪ੍ਰਿੰਸੀਪਲ ਨੇ ਉਹਨਾਂ ਦੇ ਇਕ ਸਾਥੀ ਨੂੰ ਕਾਲਜ ਵਿਚੋਂ ਕੱਢ ਦਿੱਤਾ। ਰੋਸ ਵਜੋਂ ਕਾਲਜ ਵਿਚ ਸਟਰਾਈਕ ਹੋ ਗਈ। ਵਿਦਿਆਰਥੀਆਂ ਨੇ ਆਪਣੀਆਂ ਮੰਗਾਂ ਮਨਾਉਣ ਲਈ ਅਤੇ ਲੋਕਾਂ ਦੀ ਹਮਦਰਦੀ ਜਿੱਤਣ ਲਈ ਕਾਲਜ ਤੋਂ ਸ਼ਹਿਰ ਵੱਲ ਇਕ ਜਲੂਸ ਕੱਢਣ ਦੀ ਸਕੀਮ ਬਣਾਈ। ਜਲੂਸ ਅਜੇ ਸ਼ੁਰੂ ਹੀ ਹੋ ਰਿਹਾ ਸੀ ਕਿ ਕਾਲਜ ਵਾਲਿਆਂ ਦੀ ਸ਼ਹਿ ਉਪਰ ਪੁਲੀਸ ਨੇ ਅੱਥਰੂ ਗੈਸ ਅਤੇ ਲਾਠੀਆਂ ਨਾਲ ਆ ਘੇਰਿਆ। ਵਿਦਿਆਰਥੀਆਂ ਕੁਝ ਦੇਰ ਪੁਲੀਸ ਦਾ ਮੁਕਾਬਲਾ ਕੀਤਾ ਫੇਰ ਜਿਧਰ ਨੂੰ ਕਿਸੇ ਦਾ ਮੂੰਹ ਲੱਗਾ ਭੱਜ ਉੱਠਿਆ।

ਗੁਰਮੀਤ ਵੀ ਉਸੇ ਰਾਤ ਪਿੰਡ ਚਲੇ ਗਿਆ ਸੀ। ਕਾਲਜ ਅਤੇ ਇਲਾਕੇ ਦੀ ਪੁਲੀਸ ਇਸ ਵਧਦੇ ਇਨਕਲਾਬੀ ਤੱਤ ਨੂੰ ਥਾਂ ਹੀ ਦਬਾਉਣਾ ਚਾਹੁੰਦੇ ਸਨ। ਹੋਰਨਾ ਕਾਲਜਾਂ ਵਿਚ ਹੁੰਦੀਆਂ ਵਾਰਦਾਤਾਂ ਤੋਂ ਉਹ ਕਾਫੀ ਭੈਭੀਤ ਸਨ। ਉਹਨਾਂ ਨੇ ਸਾਰੇ ਮੋਹਰੀ ਮੁੰਡਿਆਂ ਨੂੰ ਫੜਨਾ ਸ਼ੁਰੂ ਕਰ ਦਿੱਤਾ। ਹਰਦੇਵ

ਤੇ ਉਸਦੇ ਕਈ ਹੋਰ ਸਾਥੀ ਫੜੇ ਗਏ ਸਨ। ਉਹਦੇ ਸ਼ਹਿਰ ਦੀ ਪੁਲੀਸ ਇਕ ਦਿਨ ਉਹਦੇ ਪਿੰਡ ਆਈ ਸੀ। ਪਰ ਉਹ ਲੁਕ ਛਿਪ ਕੇ ਬਚ ਗਿਆ। ਪੁਲੀਸ ਫੜੇ ਗਏ ਆਗੂ ਮੁੰਡਿਆਂ ਨੂੰ 'ਚੰਗਾ ਸਬਕ' ਸਿਖਾਉਣਾ ਚਾਹੁੰਦੀ ਸੀ ਤਾਂ ਕਿ ਬਾਕੀਆਂ ਲਈ ਉਦਾਹਰਣ ਪੈਦਾ ਕਰ ਸਕਣ। ਹੌਲੀ ਹੌਲੀ ਗੱਲ ਮੱਠੀ ਪੈ ਗਈ ਅਤੇ ਉਹ ਪੁਲੀਸ ਦੇ ਹੱਥ ਆਉਣੋਂ ਬਚ ਗਿਆ। ਇਸ ਘਟਨਾਂ ਦਾ ਖੁਦ ਗੁਰਮੀਤ ਉਪਰ ਤੇ ਉਹਦੇ ਘਰਦਿਆਂ ਉਪਰ ਬੜਾ ਮਾੜੂ ਅਸਰ ਹੋਇਆ। ਗੁਰਮੀਤ ਹੀ ਉਹਨਾਂ ਦੀ ਇਕੋ ਇਕ ਆਸ ਸੀ। ਉਸਤੋਂ ਛੋਟੀਆਂ ਉਸਦੀਆਂ ਤਿੰਨ ਭੈਣਾਂ ਸਨ। ਪਹਿਲਾਂ ਹੀ ਮਸੀਂ ਥੋੜੀ ਜੇਹੀ ਜ਼ਮੀਨ ਵਿਚੋਂ ਕੁਝ ਹਿੱਸਾ ਗੁਰਮੀਤ ਦੀ ਪੜ੍ਹਾਈ ਤੇ ਖਰਚ ਹੋ ਚੁੱਕਾ ਸੀ।

ਪਿੰਡ ਰਹਿਣ ਕਰਕੇ ਤੇ ਮਾਂ-ਪਿਉ ਦੀ ਹਾਲਤ ਅੱਖਾਂ ਸਾਹਮਣੇ ਹੋਣ ਕਰਕੇ ਗੁਰਮੀਤ ਦੇ ਮਨ ਵਿਚ ਢਾਹੂ ਵਿਚਾਰ ਭਾਰੂ ਹੋਏ। ਉਸਨੂੰ ਲੱਗਦਾ ਸੀ ਜਿਵੇਂ ਹੁਣ ਆਖਰੀ ਘੜੀ ਆ ਗਈ ਹੋਵੇ ਅਤੇ ਹੁਣ ਉਹਨੂੰ ਕੋਈ ਨਾਂ ਕੋਈ ਫੈਸਲਾ ਕਰਨਾ ਹੀ ਪੈਣਾ ਸੀ। ਇਹਨਾਂ ਹੀ ਦਿਨਾਂ ਵਿਚ ਇਕ ਹੋਰ ਗੱਲ ਵਾਪਰੀ। ਉਹਨਾਂ ਦਾ ਕੋਈ ਰਿਸ਼ਤੇਦਾਰ ਮਿਲਣ ਆਇਆ ਉਹਦੇ ਪਿਉ ਨੂੰ 'ਬਾਹਰ' ਦੀ ਇਕ ਸਕੀਮ ਦੱਸ ਗਿਆ। ਉਹਦੇ ਘਰਦਿਆਂ ਨੂੰ ਤਾਂ ਜਿਵੇਂ ਕੋਈ ਦੱਬਿਆ ਖਜ਼ਾਨਾ ਮਿਲ ਗਿਆ ਹੋਵੇ। ਉਹਦੇ ਪਿਉ ਨੇ ਉਹਨੂੰ ਪੁਛੇ ਬਿਨਾਂ ਹੀ ਆਪਣੇ ਰਿਸ਼ਤੇਦਾਰ ਨੂੰ ਹਾਂ ਕਰ ਦਿੱਤੀ। ਗੁਰਮੀਤ ਨੂੰ ਉਹਦੇ ਪਿਉ ਨੇ ਬਾਅਦ ਵਿਚ ਆਪਣੇ ਫੈਸਲੇ ਬਾਰੇ ਇੰਞ ਦੱਸਿਆ ਜਿਵੇਂ ਗੁਰਮੀਤ ਦਾ ਉਸ ਗੱਲ ਨਾਲ ਕੋਈ ਵਾਸਤਾ ਹੀ ਨਾ ਹੋਵੇ। ਉਹਨਾਂ ਦੀ ਰਿਸ਼ਤੇਦਾਰੀ 'ਚੋਂ ਕਿਸੇ ਦੀ ਕੁੜੀ ਕੈਨੇਡਾ ਵਿਚ ਸੀ ਉਹਦਾ ਰਿਸ਼ਤਾ ਗੁਰਮੀਤ ਨੂੰ ਹੋਣਾ ਸੀ। ਗੁਰਮੀਤ ਨੂੰ ਕੁਝ ਹੀ ਦਿਨਾਂ ਵਿਚ ਵਿਜ਼ਟਰ ਦੇ ਤੌਰ ਤੇ ਕੈਨੇਡਾ ਭੇਜਿਆ ਜਾ ਸਕਦਾ ਸੀ। ਪਾਸਪੋਰਟ ਬਣਾਉਣ ਲਈ ਉਹਨਾਂ ਦੇ ਰਿਸ਼ਤੇਦਾਰ ਨੇ ਕਿਸੇ ਵਜ਼ੀਰ ਦਾ ਹਵਾਲਾ ਦਿਤਾ ਸੀ।

ਇਸ ਘਟਨਾ ਨੇ ਗੁਰਮੀਤ ਦੀ ਦੋਚਿੱਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ। ਇਕ ਪਾਸੇ ਉਹਨੂੰ ਸਾਫ ਦਿਸਦਾ ਸੀ ਕਿ ਸਿਵਾਏ ਜੇਲਾਂ ਵਿਚ ਹੱਡ ਰਗੜਨ ਤੇ ਪੁਲੀਸ ਦੇ ਧੱਕੇ ਜਾਂ ਸ਼ਾਇਦ ਗੋਲੀ ਖਾਣ ਤੋਂ ਬਿਨਾ ਕੋਈ ਰਾਹ ਨਹੀਂ। ਪਰ ਇਸ ਰਾਹ ਨੂੰ ਉਹ ਬਹੁਤ ਉੱਚਾ ਰਾਹ ਸਮਝਦਾ ਸੀ ਜਿਹੜਾ ਕਦੀ ਗੁਰੂ ਗੋਬਿੰਦ ਸਿੰਘ ਨੇ ਅਪਣਾਇਆ ਸੀ ਤੇ ਹੋਰ ਹਜ਼ਾਰਾਂ ਹੀ ਦੇਸ਼ ਭਗਤਾਂ ਤੇ ਆਜ਼ਾਦੀ ਪ੍ਰੇਮੀਆਂ ਨੇ ਜਿਹਨਾਂ ਦੇ ਦਿਲਾਂ 'ਚ ਕੌਮ ਲਈ ਪਿਆਰ ਸੀ ਉਹਨਾਂ ਨੇ ਵੀ ਆਪਣੇ ਪਰਵਾਰ, ਰਿਸ਼ਤੇਦਾਰ ਤੇ ਸਭ ਕੁਝ ਲੋਕਾਂ ਤੋਂ ਕੁਰਬਾਨ ਕਰ ਦਿੱਤੇ ਸਨ। ਪਰ ਦੂਜੇ ਪਾਸੇ ਹੁਣ ਕੈਨੇਡਾ ਆ ਖੜ੍ਹਿਆ ਸੀ ਜਿਥੇ ਜਾ ਕੇ ਉਹ ਆਪਣੇ ਘਰ ਦੀ ਪੁਸ਼ਤਾਂ ਤੋਂ ਤੁਰੀ ਆਉਂਦੀ ਗਰੀਬੀ ਕੱਟ ਸਕਦਾ ਸੀ। ਇਸੇ ਦੋਚਿੱਤੀ ਵਿਚ ਉਹਨੇ ਕਈ ਦਿਨ ਆਪਣੇ ਪਿਉ ਨੂੰ ਕੋਈ ਜਵਾਬ ਨਹੀਂ ਸੀ ਦਿੱਤਾ। ਪਰ ਅਖੀਰ ਘਰਦਿਆਂ ਦੀ ਗਰੀਬੀ ਕਰਕੇ ਜਾਂ ਖੁਦ 'ਚ ਕੁਰਬਾਨੀ ਨਾਂ ਕਰ ਸਕਣ ਦੀ ਹਿੰਮਤ ਕਰਕੇ ਉਹਨੇ ਆਪਣੇ ਪਿਉ ਦਾ ਫੈਸਲਾ ਮੰਨ ਲਿਆ। ਇਹਨਾਂ ਹੀ ਦਿਨਾ ਦੌਰਾਨ ਹਰਦੇਵ ਤੇ ਉਹਦਾ ਇਕ ਹੋਰ ਸਾਥੀ ਉਹਦੇ ਪਿੰਡ ਆਏ ਸਨ। ਹੁਣ ਗੁਰਮੀਤ ਨੂੰ ਯਾਦ ਆਇਆ ਕਿ ਸਿਨਮਾ ਹਾਲ ਦੇ ਬਾਹਰ ਅਖਬਾਰ ਵੇਚਣ ਵਾਲਾ ਤੇ ਉਹਨੂੰ ਕਾਮਰੇਡ ਕਹਿਣ ਵਾਲਾ ਉਹੀ ਮੁੰਡਾ ਸੀ ਜਿਹੜਾ ਉਸ ਰਾਤ ਹਰਦੇਵ ਨਾਲ ਉਹਦੇ ਘਰ ਆਇਆ ਸੀ। ਗੁਰਮੀਤ ਦੇ ਦਿਲ ਵਿਚ ਆਇਆ ਕਿ ਬਾਹਰ ਜਾ ਕੇ ਉਸ ਮੁੰਡੇ ਨੂੰ ਮਿਲੇ ਤੇ ਹਰਦੇਵ ਦਾ ਹਾਲਚਾਲ ਪੁੱਛੇ ਪਰ ਉਹਨੇ ਇਸ ਖਿਆਲ ਨੂੰ ਉਸੇ ਪਲ ਰੱਦ ਕਰ ਦਿੱਤਾ। ਦਰਅਸਲ ਉਹ ਆਪਣੇ ਅਤੀਤ ਤੋਂ ਪਰ੍ਹਾਂ ਹੀ ਰਹਿਣਾ ਚਾਹੁੰਦਾ ਸੀ। ਜਦ ਵੀ ਕਦੀ ਪਿਛਲੀਆਂ ਗੱਲਾਂ ਦੀ ਉਹਨੂੰ ਯਾਦ ਆਉਂਦੀ ਉਹਨੂੰ ਆਪਣੇ ਆਪ ਤੋਂ ਖਿਝਣ ਆਉਣੀ ਸ਼ੁਰੂ ਹੋ ਜਾਂਦੀ। ਉਹਦੇ ਅੰਦਰ ਇਹ ਖਿਆਲ ਬੈਠ ਚੁੱਕਾ ਸੀ ਕਿ ਉਹਨੇ ਕੈਨੇਡਾ ਆਕੇ ਲਹਿਰ ਨਾਲ ਗਦਾਰੀ ਕੀਤੀ ਹੈ। ਇਸੇ ਅੰਦਰੂਨੀ ਸ਼ਰਮ ਕਰਕੇ ਉਹਨੇ ਇਥੇ ਆਕੇ ਕਦੀ ਵੀ ਕਿਸੇ ਅਗਾਂਹਵਧੂ ਕੰਮ ਵਿਚ ਹਿੱਸਾ ਨਹੀਂ ਸੀ ਲਿਆ। ਜੇ ਕਦੀ ਕੋਈ ਉਹਦੇ ਤੀਕ ਪਹੁੰਚ ਵੀ ਕਰਦਾ ਤਾਂ ਉਹ ਟਾਲ-ਮਟੋਲ ਕਰ ਜਾਂਦਾ। ਉਸਦੇ ਅੰਦਰਲੇ ਘਟੀਆਪਣ ਦਾ ਇਕ ਕਾਰਨ ਇਹ ਵੀ ਸੀ ਕਿ ਜਦੋਂ ਹਰਦੇਵ ਤੇ ਉਹਦਾ ਸਾਥੀ ਉਹਨੂੰ ਆਖਰੀ ਵਾਰ ਉਹਨੂੰ ਪਿੰਡ ਮਿਲਣ ਆਏ ਸਨ ਤਾਂ ਗੱਲਾਂ ਗੱਲਾਂ ਵਿਚ ਉਹਦੇ ਕੁਰਬਾਨੀ ਕਰਨ ਤੋਂ ਡਰਦੇ ਹੋਣ ਦੀ ਅਸਲੀਅਤ ਸਾਹਮਣੇ ਆ ਗਈ ਸੀ। ਭਾਵੇਂ ਹਰਦੇਵ ਹੋਰਾਂ ਉਹਦੇ ਫੈਸਲੇ ਦਾ ਸਿੱਧਾ ਵਿਰੋਧ ਨਹੀਂ ਸੀ ਕੀਤਾ ਪਰ ਫੇਰ ਵੀ ਉਹਨਾਂ ਤਿੰਨਾਂ ਵਿਚਾਲੇ ਇਹ ਗੱਲ ਬਿਨਾ ਕਿਸੇ ਦੇ ਮੂੰਹੋਂ ਨਿਕਲਿਆਂ ਸਾਫ ਹੋ ਗਈ ਸੀ। ਉਹ ਇਸ ਗੱਲ ਦੇ ਇਸ ਤਰਾਂ ਜ਼ਾਹਰ ਹੋ ਜਾਣ 'ਤੇ ਅੰਦਰੋਂ ਬਹੁਤ ਸ਼ਰਮਸਾਰ ਸੀ। ਤੇ ਇਹ ਸ਼ਰਮ ਤੇ ਘਟੀਆਪਣ ਦਾ ਅਹਿਸਾਸ ਉਹ ਹੁਣ ਤੱਕ ਆਪਣੇ ਨਾਲ ਚੁੱਕੀ ਫਿਰਦਾ ਸੀ। ਜਦ ਵੀ ਕਦੀ ਕੋਈ ਪਿਛਲੀ ਯਾਦ ਕਿਸੇ ਤਰਾਂ ਆ ਜਾਂਦੀ ਤਾਂ ਉਹ ਅੰਦਰੋਂ ਇਕ ਗੁਨਾਹਗਾਰ ਵਾਂਗ ਮਹਿਸੂਸ ਕਰਦਾ।

ਹੁਣ ਜਦੋਂ ਉਹਨੂੰ ਉਸ ਮੁੰਡੇ ਦਾ ਚੇਤਾ ਆ ਚੁੱਕਾ ਸੀ ਜਿਹੜਾ ਹਾਲ ਦੇ ਬਾਹਰ ਅਖਬਾਰ ਵੇਚਦਾ ਸੀ ਤਾਂ ਉਹਦਾ ਘਟੀਆਪਣ ਦਾ ਅਹਿਸਾਸ ਹੋਰ ਵੀ ਤਿੱਖਾ ਹੋ ਗਿਆ। ਉਹਨੂੰ ਆਪਣੇ ਆਪ ਤੇ ਖਿਝ ਆਈ। ਉਹ ਹਾਲ ਚੋਂ ਉਠ ਕੇ ਬਾਹਰ ਵਰਾਂਡੇ ਵਿਚ ਚਲਾ ਗਿਆ। ਉਹਨੇ ਪੀਣ ਲਈ ਕੁਝ ਠੰਡਾ

[ਬਾਕੀ ਸਫਾ 19]

ਕਹਾਣੀ

# ਆਵਦੀ ਲੀਹ

ਤੇਜ ਸੰਧੂ

---

ਪਿਛਲੇ ਕੁਝ ਦਿਨਾਂ ਤੋਂ ਹਰਨਾਮਾ ਕਾਫੀ ਖੁਸ਼ ਖੁਸ਼ ਨਜ਼ਰ ਆ ਰਿਹਾ ਸੀ। ਰਾਹ-ਖਹਿੜੇ ਕਿਸੇ ਨੂੰ ਵੀ ਮਿਲਦਾ, ਪੁੱਠਾ ਪੁੱਠਾ ਗੱਲਾਂ ਹੀ ਕਰਦਾ ਰਹਿੰਦਾ। ਸਾਰੇ ਇਹੀ ਸੋਚਦੇ ਕਿ ਅੱਜਕਲ ਬਾਬੇ ਨੂੰ ਪਤਾ ਨਹੀਂ ਕੀ ਹੋ ਗਿਆ ਹੈ। ਕੁਝ ਤਾਂ ਇਹ ਵੀ ਕਹਿੰਦੇ ਗੁੱਝੀ ਟਕੋਰ ਮਾਰਦੇ ਕਿ ਮਾਵਾ ਜ਼ਿਆਦਾ ਮਿਲਣ ਲੱਗ ਪਿਆ ਹੈ। ਹੋਰ ਤਾਂ ਹੋਰ ਜਦੋਂ ਵੀ ਗੱਲ ਕਰਦਾ, ਜਿੱਥੇ ਵੀ ਗੱਲ ਕਰਦਾ, ਬੱਸ ਕਾਂਗਰਸ ਦੇ ਹੀ ਗੁਣ ਗਾਉਂਦਾ ਰਹਿੰਦਾ — "ਕਾਂਗਰਸ ਨੇ ਸਾਨੂੰ ਖੂਹਾਂ 'ਤੇ ਜਾਣ ਦੀ ਇਜਾਜ਼ਤ ਦੇ ਦਿੱਤੀ, ਸਾਡੇ ਵਿਹੜੇ ਲਈ ਧਰਮਸ਼ਾਲਾ ਬਣਾ ਦਿੱਤੀ, ਕਾਂਗਰਸ ਨੇ ਇੰਦਾਂ ਕਰਤਾ, ਕਾਂਗਰਸ ਨੇ ਉਦਾਂ ਕਰਤਾ —।"

ਹਰਨਾਮਾ ਸਾਰੇ ਵਿਹੜੇ ਦਾ ਮੋਢੀ ਸੀ। ਮਜ਼ਹਬੀਆਂ ਦਾ ਸਾਰਾ ਹੀ ਵਿਹੜਾ ਉਸਨੂੰ ਸਰਦਾਰ ਸਮਝ ਕੇ ਉਸਦਾ ਸਤਿਕਾਰ ਕਰਦਾ ਸੀ। ਕੋਈ ਵੀ ਗੱਲ ਝਗੜੇ ਦੀ ਨੌਬਤ ਤੀਕ ਚਲੀ ਜਾਂਦੀ ਤਾਂ ਉਹ ਕਿਸੇ ਤਰਾਂ ਠੀਕ ਸਮਝ ਕੇ ਗੱਲ ਨਿਬੇੜ ਦਿੰਦਾ ਜਿਸਤੇ ਦੋਨੋਂ ਧਿਰਾਂ ਹੀ ਹਾਂ ਤੋਂ ਹੂੰਅ ਨਾ ਕਰਦੀਆਂ। ਚਿੱਟਾ ਭਰਵਾਂ ਦਾਹੜਾ, ਸਾਫ ਸੁਥਰੇ ਕੱਪੜੇ - ਤੁਰਿਆ ਜਾਂਦਾ ਉਹ ਸਰਦਾਰ ਹੀ ਤਾਂ ਲੱਗਦਾ ਸੀ। ਜ਼ਿਮੀਦਾਰਾਂ ਦੇ ਘਰਾਂ ਵਿਚ ਵੀ ਉਸਦਾ ਬੜਾ ਆਦਰ-ਮਾਣ ਸੀ। ਹਰ ਇਕ ਜ਼ਿਮੀਦਾਰ ਉਸ ਨੂੰ ਸੀਰੀ ਰਲਾ ਕੇ ਖੁਸ਼ ਹੁੰਦਾ ਸੀ। ਪਰ ਪਿਛਲੇ ਚਾਰਾਂ ਪੰਜਾਂ ਸਾਲਾਂ ਤੋਂ ਉਸ ਸੀਰ ਲੈਣਾ ਛੱਡ ਦਿੱਤਾ ਸੀ। ਉਮਰ ਵੱਡੀ ਹੋਣ ਕਰਕੇ ਕੰਮ ਨਹੀਂ ਸੀ ਹੁੰਦਾ। ਮੁੰਡੇ ਜੁਆਨ ਹੋ ਗਏ ਸਨ। ਘਰਦੇ ਸਾਰੇ ਨੂੰਹਾਂ ਪੁੱਤ ਕੰਮ ਕਰਦੇ ਸਨ। ਘਰ ਵਾਲੀ ਚਿਰਾਂ ਦੀ ਹੀ ਰੱਬ ਨੂੰ ਪਿਆਰੀ ਹੋ ਗਈ ਸੀ। ਹਰਨਾਮੇ ਦਾ ਘਰ ਵਿਚ ਚੰਗਾ ਦਬ-ਦਬਾ ਸੀ, ਨੂੰਹਾਂ ਪੁੱਤ ਉਸਦੀ ਆਖੀ ਨਹੀਂ ਮੋੜਦੇ ਸਨ। ਉਹ ਆਥਣ ਸਵੇਰ ਰੱਬ ਦਾ ਨਾਂ ਲੈਂਦਾ ਅਤੇ ਪ੍ਰਸ਼ਾਦੇ ਛਕ ਛੱਡਦਾ। ਰੋਟੀ ਵੱਲੋਂ ਤਾਂ ਕਿਸੇ ਕਿਸਮ ਦਾ ਫਿਕਰ ਹੀ ਨਹੀਂ ਸੀ, ਜੇ ਕਦੇ ਵੈਸੇ ਹੀ ਜ਼ਿਮੀਂਦਾਰਾਂ ਦੇ ਅਗਵਾੜ ਮਿਲਣ-ਗਿਲਣ ਚਲੇ ਜਾਂਦਾ ਤਾਂ ਉਹ ਵੀ ਕਦੇ ਰੋਟੀ ਖਵਾਏ ਤੋਂ ਬਗੈਰ ਮੁੜਨ ਨਾ ਦਿੰਦੇ। ਵੱਡਾ ਮੁੰਡਾ ਕਦੇ ਕਦੇ ਉਸ ਦੇ ਮਾਵੇ ਦੇ ਖਰਚ ਤੋਂ ਖਿਝਦਾ ਪਰ ਹੁਣ ਉਹ ਵੀ ਖੁਸ਼ ਸੀ ਕਿ ਬਾਪੂ ਨੂੰ ਕਿਧਰੋਂ ਕੋਈ ਚੀਜ਼ ਲੱਭ ਪਈ ਹੈ। ਵੈਸੇ ਕੁਵੇਲੇ ਉਹ ਵੀ ਸਿਰ ਦੁਖਦਾ ਹੋਣ ਕਰਕੇ ਬਾਪੂ ਤੋਂ ਭੋਰਾ ਲੈ ਕੇ ਖਾ ਗਿਆ ਸੀ।

ਵੋਟਾਂ ਦੇ ਦਿਨ ਸਨ। ਸਾਰੀਆਂ ਹੀ ਪਾਰਟੀਆਂ ਆਪੋ ਆਪਣਾ ਜ਼ੋਰ ਲਾ ਰਹੀਆਂ ਸਨ। ਅਕਾਲੀਆਂ ਤੇ ਕਾਂਗਰਸ ਵਿਚਕਾਰ ਮੁਕਾਬਲਾ ਗਰਮ ਸੀ। ਉਹ ਵੀ ਕਾਂਗਰਸ ਪਾਰਟੀ ਵਾਲਿਆਂ ਦੀ ਜੀਪ ਵਿਚ ਆਉਂਦਾ ਜਾਂਦਾ ਰਹਿੰਦਾ। ਉਸ ਦਿਨ ਜਦ ਉਹ ਪਿੰਡਾਂ ਦਾ ਦੌਰਾ ਲਾ ਕੇ ਵਾਪਸ ਮੁੜੇ ਸਨ ਤਾਂ ਨਾਲ ਦੇ ਵਰਕਰਾਂ ਨੇ ਤਾਕੀਦ ਕੀਤੀ ਸੀ ਕਿ ਅਗਲੇ ਦਿਨ ਬਾਬੇ ਦੇ ਸਹੁਰੀਂ ਜਾ ਕੇ ਲੋਕਾਂ ਨਾਲ ਗੱਲ ਕੀਤੀ ਜਾਵੇ ਕਿਉਂਕਿ ਉਸਦਾ ਆਪਣੇ ਸਹੁਰੇ ਪਿੰਡ ਵੀ ਅਸਰ-ਰਸੂਖ ਚੰਗਾ ਸੀ। ਅਗਲੀ ਸਵੇਰ ਘਰੋਂ ਨਿਕਲਦੇ ਨੂੰ ਕਾਹਲਾ ਜਾਂਦਾ ਗੁਆਂਢੀਆਂ ਦਾ ਟੇਘੂ ਮਿਲ ਪਿਆ। "ਜਿਉਣ ਜੋਗਿਆ, ਆਪਾਂ ਵੋਟਾਂ ਐਤਕੀਂ ਕਾਂਗਰਸ ਨੂੰ ਪਾਉਣੀਆਂ।" ਪਿਆਰ ਨਾਲ ਬਾਬੇ ਨੇ ਟੇਘੂ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ। "ਤੇਰਾ ਜਿਹੜਾ ਚਾਰ ਦਿਨ ਸੂਤ ਲੱਗਦਾ ਐ, ਲਾ ਲੈ ਤਾਇਆ ਪਰ ਅਸੀਂ ਵੋਟ ਕਾਂਗਰਸ ਨੂੰ ਨਹੀਂ ਪਾਉਣੀ। ਇਹ ਸਭ ਇੰਦੇ

ਜਿਹੇ ਹੀ ਹਨ। ਪਹਿਲਾਂ ਕੈਮਨਿਸਟਾਂ 'ਤੇ ਬੜਾ ਆਸ ਸੀ ਕਿ ਮੁਲਕ ਦਾ ਕੁਛ ਕਰਨਗੇ, ਪਰ ਉਹਨਾਂ ਦੀ ਵੀ ਬੇੜੀ ਬੈਠ ਗਈ, ਚੌਧਰ ਦੀ ਭੁੱਖ ਲਈ ਕਈ ਗਰੁਪਾਂ 'ਚ ਵੰਡੇ ਗਏ। ਹੁਣ ਤਾਂ ਤਾਇਆ ਸਾਡੇ ਵੱਲੋਂ ਕੋਈ ਉਪਰ ਆਵੇ ਸਭ ਆਪਣੀ ਮਾਂ ਦੇ .... ਹਨ। ਵੋਟਰ ਆਪਣੇ ਢਿੱਡ ਭਰਨ 'ਚ ਹੀ ਭਲਾਈ ਸਮਝਦੇ ਹਨ।"

"ਚੰਗਾ ਜਵਾਨਾ, ਤੇਰੀ ਮਰਜ਼ੀ । ਜੇ ਸਾਡਾ ਇਸ ਵਿਲੇ ਐਤਕੀਂ ਬਣ ਗਿਆ ਤਾਂ ਤੈਨੂੰ ਵਿਖਾਵਾਂਗੇ ਕਾਂਗਰਸ ਲੋਕਾਂ ਵਾਸਤੇ ਕੀ ਕਰਦੀ ਐ।" ਕਹਿ ਕੇ ਹਰਨਾਮ ਸਿੰਘ ਉਸ ਪਾਰ ਨੂੰ ਹੋ ਗਿਆ ਜਿੱਥੇ ਇਕੱਠੇ ਹੋ ਕੇ ਉਹ ਹਰ ਰੋਜ਼ ਜੀਪ ਤੇ ਪਿੰਡਾਂ ਦੇ ਦੌਰੇ ਲਈ ਜਾਇਆ ਕਰਦੇ ਸਨ। ਅੱਧੇ ਪੌਣੇ ਘੰਟੇ ਵਿਚ ਹੀ ਜੀਪ ਉਸਦੇ ਸਹੁਰੇ ਪਿੰਡ ਮਜ਼ਹਬੀਆਂ ਦੇ ਵਿਹੜੇ ਖੜ੍ਹੀ ਸੀ।

"ਚੰਗਾ ਫਿਰ ਹਰਨਾਮ ਸਿਆਂ, ਤੂੰ ਹੀ ਅੱਗੇ ਲੱਗ ਕੇ ਤੁਰ, ਵਿਹੜੇ ਦੀਆਂ ਸਾਰੀਆਂ ਵੋਟਾਂ ਤੇਰੇ ਕਹਿਣੇ 'ਚ ਐ।" ਨਾਲ ਦੇ ਵਰਕਰ ਨੇ ਹਰਨਾਮ ਸਿੰਘ ਨੂੰ ਨਾਲ ਰਲਾਉਂਦਿਆਂ ਕਿਹਾ। ਵੇਖਦੇ ਵੇਖਦੇ ਵਿਹੜੇ ਵਿਚ ਕਾਫੀ ਇਕੱਠ ਜੁੜ ਗਿਆ। ਮੌਕਾ ਠੀਕ ਸਮਝ ਕੇ ਅਤੇ ਖਾਧੇ ਮਾਵੇ ਦਾ ਮੁੱਲ ਦੇਣ ਲਈ ਉਸਨੇ ਇਕ ਬੈਂਚ ਤੇ ਖੜ੍ਹ ਕੇ ਬੋਲਣਾ ਸ਼ੁਰੂ ਕੀਤਾ - "ਬਈ ਪੇਂਡੂ ਭਰਾਵੋ, ਗੱਲ ਇਹ ਹੈ ਕਿ ਵੋਟਾਂ ਤੁਸੀਂ ਜਿਹਨੂੰ ਮਰਜ਼ੀ ਐ ਪਾਇਓ, ਪਰ ਮੇਰੀਆਂ ਗੱਲਾਂ ਤੇ ਜ਼ਰੂਰ ਗੌਰ ਕਰਨੀ। ਵੱਡੀ ਗੱਲ ਇਹ ਹੈ ਕਿ ਕਾਂਗਰਸ ਨੇ ਆਪਣੇ ਵਰਗੀਆਂ ਜਾਤਾਂ ਲਈ ਨੌਕਰੀਆਂ ਦੇਣ ਵਿਚ ਪਹਿਲ ਰੱਖੀ ਹੈ। ਜੱਟਾਂ ਜ਼ਿਮੀਦਾਰਾਂ ਦੇ ਮੁੰਡਿਆਂ ਨੂੰ ਨੌਕਰੀਆਂ ਮਗਰੋਂ ਪਰ ਆਪਣੇ ਤਬਕੇ ਨੂੰ ਪਹਿਲੋਂ ਮਿਲਦੀ ਹੈ। ਹੋਰ ਦੱਸੋ ਕੀ ਕਰੇ, ਘਰੇ ਆ ਕੇ ਤਾਂ ਕੋਈ ਪਾਰਟੀ ਵੀ ਪੈਸੇ ਨਹੀਂ ਸੁੱਟਦੀ, ਕੰਮ ਤਾਂ ਕਰਨਾ ਹੀ ਪੈਂਦਾ ਹੈ। ਥਾਂ ਥਾਂ 'ਤੇ ਆਪਣੇ ਮੁੰਡੇ ਚੰਗੀਆਂ ਨੌਕਰੀਆਂ ਤੇ ਹਨ। ਬਾਕੀ ਗੱਲ ਇਹ ਕਿ ਆਪਣੇ ਪਿੰਡਾਂ ਦਾ ਹੀ ਆਦਮੀ ਇਸ ਸੀਟ ਤੇ ਖੜ੍ਹਾ ਹੈ। ਇਹ ਮੈਂ ਮੰਨਦਾ ਆਂ ਕਿ ਉਹਦੇ ਕੋਲ ਜ਼ਮੀਨ ਬਹੁਤ ਹੈ ਤੇ ਰੱਜਿਆ ਪੁੱਜਿਆ ਜ਼ਿਮੀਦਾਰ ਹੈ। ਪਰ ਹਰ ਗਰੀਬ ਨੂੰ ਉਹ ਗਲ ਲਾਉਂਦੈ, ਕਿਸੇ ਨਾਲ ਧੱਕਾ ਨਹੀਂ ਕਰਦਾ। ਇਹ ਸੋਚੋ ਜੇ ਕਿਸੇ ਹੋਰ ਨੂੰ ਬਣਾਇਆ ਉਹ ਪਹਿਲਾਂ ਆਪਣਾ ਢਿੱਡ ਭਰੂ ਤੇ ਮਗਰੋਂ ਫੇਰ ਸੋਚੂ। ਇਧਰ ਇਹ ਪਹਿਲਾਂ ਈ ਰੱਜਿਆ ਹੋਇਐ।"

"ਨਹੀਂ! ਨਹੀਂ!! ਇਹ ਤਾਂ ਲੁੱਟੇ ਬਦਮਾਸ਼ ਦੀ ਗੱਲ ਕਰਦੈ ਅਸੀਂ ਇਹਨੂੰ ਵੋਟ ਨੀਂ ਪਾਉਣੀ।" ਬਾਹਰੋਂ ਵਿਰੋਧੀ ਧੜੇ ਦੇ ਕਿਸੇ ਆਦਮੀ ਦੀ ਆਵਾਜ਼ ਆਈ।

"ਇਹ ਗੱਲ ਨੀਂ ਭਰਾਵੋ, ਉਹ ਤਾਂ ਗਊ ਹੈ ਗਊ, ਮਜਾਲ ਕਿਸੇ ਨਾਲ ਵਾਧਾ ਘਾਟਾ ਕੀਤਾ ਹੋਵੇ।" ਹਰਨਾਮੇ ਨੇ ਗੱਲ ਵਿਗੜਦੀ ਵੇਖ ਕੇ ਆਪਣੇ ਵੱਲੋਂ ਖੜ੍ਹੇ ਕਾਂਗਰਸੀ ਉਮੀਦਵਾਰ ਦੀ ਸਫਾਈ ਪੇਸ਼ ਕੀਤੀ।

"ਇਹ ਤਾਂ ਸਰਪੰਚ ਹੁੰਦੇ ਹੋਏ ਵੀ ਪਿੰਡ ਦੀ ਪੰਚਾਇਤ ਵਿਚ ਤਾਂ ਚੱਜ ਨਾਲ ਗੱਲ ਨੀਂ ਕਰ ਸਕਦਾ। ਜੇ ਇਹਨੂੰ ਚੁਣ ਕੇ ਚੰਡੀਗੜ੍ਹ ਭੇਜ ਵੀ ਦਿੱਤਾ ਤਾਂ ਵੀ ਪਿਛਲੀਆਂ ਕੁਰਸੀਆਂ ਤੇ ਸੁੱਤਾ ਰਿਹਾ ਕਰੂ। ਕੰਮ ਇਹਨੇ ਸੁਆਹ ਕਰਨੇ ਕਰਾਉਣੇ ਐ।" ਪਹਿਲੀ ਆਵਾਜ਼ ਨੇ ਮੋੜਵਾਂ ਜਵਾਬ ਦਿੱਤਾ।

ਗੱਲ ਨੂੰ ਅਣਸੁਣੀ ਕਰਦਿਆਂ ਹਰਨਾਮੇ ਨੇ ਫਿਰ ਬੋਲਣਾ ਸ਼ੁਰੂ ਕੀਤਾ, "ਰਹੀ ਗੱਲ ਕੰਮ ਧੰਦਾ ਕਰਾਉਣ ਦੀ, ਜਿਹਨੂੰ ਲੋੜ ਪਵੇ, ਮੈਨੂੰ ਦੱਸਿਓ। ਮੈਂ ਇਕ ਬਾਪੜ ਕੇ ਕਹਿਣਾ ਥੋੜਾ ਕੰਮ ਜ਼ਰੂਰ ਕਰਵਾਊਂ।"

"ਠੀਕ! ਠੀਕ!! ਵੋਟਾਂ ਅਸੀਂ ਥੋੜੇ ਸਗਰ ਈ ਪਾਵਾਂਗੇ, ਸਾਡੇ ਤਾਂ ਕੰਮ ਹੋਣੇ ਚਾਹੀਦੇ ਹਨ, ਭਾਵੇਂ ਕਾਲੇ ਚੋਰ ਤੋਂ ਕਰਾਉਣੇ।" ਇਕੱਠ ਵਿਚੋਂ ਸਾਂਝੀ ਜਿਹੀ ਆਵਾਜ਼ ਆਈ। ਹਰਨਾਮੇ ਦਾ ਨਾਲ ਦੇ ਵਰਕਰਾਂ 'ਤੇ ਵੀ ਵਾਹਵਾ ਰੋਹਬ ਜਿਹਾ ਜੰਮ ਗਿਆ। ਉਸ ਤੋਂ ਮਗਰੋਂ ਇਕ ਹੋਰ ਵਰਕਰ ਨੇ ਦੋ ਚਾਰ ਮਿੰਟ ਗੱਲਾਂ ਕੀਤੀਆਂ ਅਤੇ ਫੇਰ ਅਗਲੇ ਪਿੰਡ ਜਾਣ ਲਈ ਡਰਾਈਵਰ ਨੇ ਜੀਪ ਸਟਾਰਟ ਕੀਤੀ।

ਅੱਜ ਵੋਟਾਂ ਦਾ ਨਤੀਜਾ ਨਿਕਲਣਾ ਸੀ। ਲੋਕ ਪਿੰਡਾਂ ਤੋਂ ਟਰਾਲੀਆਂ ਭਰਕੇ ਸ਼ਹਿਰ ਦੇ ਟਾਊਨ ਹਾਲ ਨਤੀਜੇ ਦੀ ਉਡੀਕ ਵਿਚ ਇਕੱਠੇ ਹੋ ਰਹੇ ਸਨ। ਦੁਪਹਿਰ ਤੋਂ ਬਾਅਦ ਲੋਕਾਂ ਵਿਚ ਘੁਸਰ ਮੁਸਰ ਸ਼ੁਰੂ ਹੋ ਗਈ ਕਿ ਕਾਂਗਰਸੀ ਉਮੀਦਵਾਰ ਕਈ ਹਜ਼ਾਰ ਵੋਟਾਂ 'ਤੇ ਲੀਡ ਕਰ ਰਿਹਾ ਹੈ। ਅਖੀਰ ਵਿਰੋਧੀ ਧੜੇ ਦਾ ਉਮੀਦਵਾਰ ਹਾਰ ਜਾਣ ਦੇ ਦਸਤਖ਼ਤ ਕਰਕੇ ਟਾਊਨ ਹਾਲ ਵਿਚੋਂ ਆਪਣੀ ਕਾਰ 'ਤੇ ਅੱਖ ਦੇ ਫੋਰ ਵਿਚ ਹੀ ਬਾਹਰ ਨਿੱਕਲ ਗਿਆ। ਬੱਸ ਫੇਰ ਕੀ ਸੀ - ਲੱਗ ਪਏ ਕਾਂਗਰਸੀ ਅਕਾਲੀਆਂ ਨੂੰ ਮੇਹਣੇ ਦੇਣ -

ਕੁੱਤੀ ਘੋਰਨਿਉਂ ਕੱਢੀ,
ਕਤੂਰੇ ਛੱਡ ਕੇ ਭੱਜੀ।
ਢੀਮ ਵਾਲਾ ਕੰਡਾ ਤੋੜਤਾ,
'ਕਾਲੀਆਂ ਦਾ ਨੱਕ ਮੋੜਤਾ।

ਨਾਅਰੇ ਮਾਰਦੇ ਹੋਏ ਸਾਰੇ ਕਾਂਗਰਸੀ ਟਰਾਲੀਆਂ ਟਰੱਕਾਂ 'ਤੇ ਜਦ ਆਪੋ ਆਪਣੇ ਪਿੰਡ ਪਹੁੰਚੇ ਤਾਂ ਕਈਆਂ ਦੇ ਢੋਲ ਵੀ ਬੈਠ ਗਏ ਸਨ। ਇਥੋਂ ਤੱਕ ਕਿ ਰਹਨਾਮੇ ਨੇ ਪਿੰਡ ਪਹੁੰਚ ਕੇ ਆਪਣੇ ਵਿਹੜੇ ਦੇ ਲੋਕਾਂ ਵਿਚ ਇਹ ਐਲਾਨ ਕਰ ਦਿੱਤਾ ਕਿ ਘਰ ਘਰ ਦੀਪਮਾਲਾ ਕਰੋ - ਆਪਣਾ ਆਦਮੀ ਚੁਣਿਆ ਗਿਆ ਹੈ।

ਕੁਝ ਦਿਨ ਬਾਅਦ ਲੋਕਾਂ ਨੇ ਅਖਬਾਰਾਂ ਵਿਚ ਪੜ੍ਹਿਆ ਕਿ ਅਕਾਲੀ ਪਾਰਟੀ ਦੋ-ਤਿਹਾਈ ਸੀਟਾਂ ਲੈ ਕੇ ਜਿੱਤ ਗਈ ਹੈ। ਅਤੇ ਪੰਜਾਬ ਵਿਚ ਅਗਲੀ ਵਜ਼ਾਰਤ ਅਕਾਲੀਆਂ ਦੀ ਬਹੁ-ਸੰਮਤੀ ਨਾਲ ਹੋਵੇਗੀ। - ਰਹਨਾਮੇ ਦਾ ਕਾਂਗਰਸੀ ਉਮੀਦਵਾਰ ਵੀ ਫ਼ੁਕਦੇ ਪੱਲੜੇ ਨਾਲ ਰਲ ਗਿਆ।

"ਤਾਇਆ, ਮੈਂ ਸੁਣਿਆ ਥੋਡਾ ਇਸ ਇਲੇ ਅੱਜਕੱਲ ਅਕਾਲੀ ਬਣ ਗਿਐ!" ਦੇਬੂ ਨੇ ਇਕ ਦਿਨ ਸਹਿਜ ਸੁਭਾ ਹੀ ਰਹਨਾਮੇ ਨੂੰ ਟੋਕਿਆ।

"ਪੁੱਤਰਾ, ਇਨ੍ਹਾਂ ਵੱਡੇ ਬੰਦਿਆਂ ਦਾ ਬਦਲਦਿਆਂ ਦਾ ਕੋਈ ਪਤਾ ਨੀਂ ਲੱਗਦਾ। ਪਰ ਮੈਂ ਤਾਂ ਆਵਦੀ ਲੀਹ ਤੇ ਖੜ੍ਹਾ ਹਾਂ।" ਰਹਨਾਮਾ ਨੀਵੀਂ ਜਿਹੀ ਪਾ ਕੇ ਜਵਾਬ ਦਿੰਦਾ ਅਗਾਂਹ ਤੁਰਦਾ ਹੋਇਆ।

● (QUESNEL, B.C.)

---

(ਕਹਾਣੀ 'ਜੱਟ ਦਾ ਪੁੱਤ' ਦੀ ਬਾਕੀ)

ਖਰੀਦਿਆ। ਪਰ ਅੰਦਰ ਦੀ ਤਲਖੀ ਨਾ ਗਈ। ਅੰਦਰ ਦਾ ਘੁਟੀਆਪਣ ਤਾਂ ਜਿਵੇਂ ਕਿਸੇ ਬੀਮਾਰੀ ਵਾਂਗ ਚੰਬੜ ਗਿਆ ਸੀ। ਅੰਦਰ ਦੇ ਤੂਫਾਨ 'ਚ ਉਲਝਿਆ ਉਹ ਬਹੁਤ ਬੇਚੈਨ ਹਾਲਤ ਵਿਚ ਸੀ। ਉਹਦਾ ਦਿਲ ਕਰਦਾ ਸੀ ਕਿਤੇ ਦੌੜ ਜਾਵੇ ਜਾਂ ਕੁਝ ਤੋੜ ਫੋੜ ਸੁੱਟੇ ਤਾਂ ਕਿ ਉਹਦੇ ਅੰਦਰ ਦੀ ਅੱਗ ਕਿਸੇ ਤਰਾਂ ਬੁਝ ਸਕੇ।

ਉਹ ਇਸੇ ਹਾਲਤ ਵਿਚ ਖੜ੍ਹਾ ਸੀ ਕਿ ਇੰਟਰਵਲ ਹੋ ਗਿਆ। ਲੋਕ ਇਕ ਦਮ ਦੋਹਾਂ ਦਰਵਾਜ਼ਿਆਂ ਰਾਹੀਂ ਬਾਹਰ ਨੂੰ ਆਉਣੇ ਸ਼ੁਰੂ ਹੋ ਗਏ। ਵਧ ਗਈ ਭੀੜ ਤੇ ਸ਼ੋਰ ਨੇ ਉਹਦੀ ਖਿਝ ਸਗੋਂ ਹੋਰ ਵਧਾ ਦਿੱਤੀ। ਉਹਨੇ ਵੇਖਿਆ ਨਰਿੰਦਰ ਹੋਰੀਂ ਵੀ ਬਾਹਰ ਆ ਗਈਆਂ ਸਨ। ਜੀਤੀ ਰੋਬੀ ਨੂੰ ਵਾਸ਼ਰੂਮ ਲੈ ਗਈ ਅਤੇ ਨਰਿੰਦਰ ਖਾਣ ਪੀਣ ਲਈ ਕੁਝ ਖਰੀਦਣ ਵਾਸਤੇ ਲਾਈਨ ਵਿਚ ਲੱਗ ਗਈ। ਉਹ ਮੁੰਡੇ ਜਿਹੜੇ ਫਿਲਮ ਸ਼ੁਰੂ ਹੋਣ ਵੇਲੇ ਨਰਿੰਦਰ ਨੂੰ ਛੇੜਦੇ ਸਨ ਹੁਣ ਫੇਰ ਉਹਦੇ ਦੁਆਲੇ ਗੇੜੇ ਕੱਢਣ ਲੱਗੇ। ਉਹਨਾਂ ਵਿਚੋਂ ਇਕ ਨੇ ਨਰਿੰਦਰ ਦੇ ਨੇੜੇ ਜਾ ਕੇ ਕੁਝ ਕਿਹਾ। ਗੁਰਮੀਤ ਇਹ ਵੇਖਕੇ ਗੁੱਸੇ ਵਿਚ ਆ ਗਿਆ। ਉਹਦੇ ਅੰਦਰ ਦੀ ਅੱਗ ਜਿਵੇਂ ਉਹਦੀਆਂ ਅੱਖਾਂ ਵਿਚ ਆ ਗਈ। ਉਹਨੇ ਲਲਕਾਰਾ ਮਾਰ ਕੇ ਉਸ ਮੁੰਡੇ ਨੂੰ ਜਾ ਫੜਿਆ ਤੇ ਉਹਨੂੰ ਥੱਲੇ ਸੁੱਟ ਕੇ ਕੁੱਟਣ ਲੱਗ ਪਿਆ। ਉਸ ਮੁੰਡੇ ਦੇ ਦੂਜੇ ਦੋਵੇਂ ਸਾਥੀ ਭੀੜ ਚੋਂ ਇਕ ਦਮ ਗਾਇਬ ਹੋ ਗਏ। ਥੱਲੇ ਪਏ ਮੁੰਡੇ ਨੂੰ ਗੁਰਮੀਤ ਪਾਗਲਾਂ ਵਾਂਗ ਮਾਰ ਰਿਹਾ ਸੀ। ਨਾਲ ਨਾਲ ਗਾਲ੍ਹਾਂ ਵੀ ਕੱਢੀ ਜਾ ਰਿਹਾ ਸੀ। ਆਸ ਪਾਸ ਖੜ੍ਹੇ ਲੋਕਾਂ ਨੇ ਬੜੀ ਮੁਸ਼ਕਲ ਨਾਲ ਖਿੱਚ ਕੇ ਉਹਨੂੰ ਮੁੰਡੇ ਨਾਲੋਂ ਵੱਖ ਕੀਤਾ। ਉਹਨੂੰ ਕਈਆਂ ਜਣਿਆਂ ਨੇ ਬਾਹਾਂ ਤੋਂ ਫੜਿਆ ਹੋਇਆ ਸੀ। ਪਰ ਉਹ ਫੇਰ ਵੀ ਛੁਡਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਉੱਚੀ ਉੱਚੀ ਬੋਲ ਰਿਹਾ ਸੀ, "ਮੈਨੂੰ ਛੱਡ ਦਿਉ, ਮੈਂ ਸਾਲੇ ਦੇ ਡੱਕਰੇ ਕਰਕੇ ਰੱਖਣਾ - ਇਹਦੀ ਭੈਣ ਨੂੰ, ਇਹਦੀ ਜੁਰਅਤ ਕਿਵੇਂ ਪਈ ਸਾਲੇ ਦੀ।" "ਛੱਡੋ ਪਰੇ ਸਰਦਾਰ ਜੀ, ਇਹਨਾਂ ਬੇਸਮਝ ਛੋਕਰਿਆਂ ਨਾਲ ਲੜਨਾ ਕੋਈ ਅਕਲਮੰਦੀ ਨਹੀਂ - ਐਂ ਵੀ ਕਿਤੇ ਸੈਂਗਰਿਆਂ ਦੇ ਥਾਂ ਕੁ ਥਾਂ ਲੱਗ ਗਈ ਤਾਂ ਮੁਫਤ ਦੇ ਜੇਲ੍ਹ 'ਚ ਧੱਕੇ ਖਾਂਦੇ ਫਿਰੋਗੇ।" ਕੋਈ ਆਪਣੀ ਵਲੋਂ ਉਹਨੂੰ ਠੰਡਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਗੁਰਮੀਤ ਅਜੇ ਵੀ ਉਸ ਰੌਂਅ 'ਚ ਬੋਲ ਰਿਹਾ ਸੀ, "ਤੁਸੀਂ ਮੈਨੂੰ ਛੱਡੋ ਤਾਂ ਸਹੀ - ਵੇਹੁ ਜਾਣੇ ਕਿਹੜਾ ਰੰਗਰ ਤੁਰਦਾ ਆ - ਇਹਨੂੰ ਸਾਲੇ ਨੂੰ ਪਤਾ ਨਹੀਂ ਜੱਟਾਂ ਦੇ ਪੁੱਤ ਤਾਂ ਇਹੋ ਜਿਹੀਆਂ ਗੱਲਾਂ ਲਈ ਝੋਰੇ ਲੱਗਾਉਣ ਨਹੀਂ ਤੁਰਦੇ - ਤੁਸੀਂ ਜ਼ਰਾ ਮੈਨੂੰ ਛੱਡੋ -"

● (BURNABY, B.C.)

---

(ਸਫਾ 21 ਦੀ ਬਾਕੀ)

'ਜਬੈ ਬਾਣ ਲਾਗੀ ॥ ਤਬੈ ਰੋਸ ਜਾਗੀ ॥' ਦੇ ਨਾਲ ਨਾਲ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।' ਦਾ ਨਾਅਰਾ ਲੈ ਕੇ ਕੇਵਲ ਸਿੱਖਾਂ ਦੇ ਹੱਕਾਂ ਲਈ ਹੀ ਲੜਨ ਦੀ ਥਾਂ ਅਕਾਲੀ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਲੜਨ ਤਾਂ ਨਿਸਚੇ ਹੀ ਸਿੱਖ ਕੌਮ ਦੇ ਅਠਾਰਵੀਂ ਸਦੀ ਵਾਲੇ ਪੁਰਾਣੇ ਵਿਰਸੇ ਤੇ ਇਤਿਹਾਸਕ ਰਵਾਇਤਾਂ ਦੇ ਵੱਧ ਨੇੜੇ ਹੋ ਸਕਣਗੇ। ਅਸਲ ਲੋੜ ਇਹ ਹੈ ਕਿ ਕੇਂਦਰੀ ਸਰਕਾਰ ਦੀ ਜਮਹੂਰੀਅਤ ਦੇ ਪਰਦੇ ਹੇਠ ਲੁਕੀ ਤਾਨਾਸ਼ਾਹੀ ਨੂੰ ਲਗਾਮ ਪਾਉਣ ਲਈ ਕੇਵਲ ਸਿੱਖਾਂ ਵਿਰੁੱਧ ਹੁੰਦੇ ਵਿਤਕਰੇ ਦੇ ਮਸਲੇ ਦੀ ਥਾਂ ਸਮੁੱਚੇ ਹਿੰਦੁਸਤਾਨ ਦੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਮੁੱਖ ਰੱਖਦਿਆਂ ਸਾਰੇ ਸੂਬਿਆਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਤੇ ਜ਼ਿਆਦਾ ਜ਼ੋਰ ਪਾਇਆ ਜਾਵੇ। ਪੰਜਾਬ ਤੇ ਸਮੁੱਚੇ ਹਿੰਦੁਸਤਾਨ ਦੇ ਭਵਿੱਖ ਨੂੰ ਰੌਸ਼ਨ ਵੇਖਣ ਲਈ ਸਾਰੀਆਂ ਲੋਕ ਪੱਖੀ ਤਾਕਤਾਂ ਵਲੋਂ ਧਾਰਮਿਕ ਜਨੂੰਨੀਆਂ ਦੇ ਮਨਸੂਬਿਆਂ ਨੂੰ ਭਾਂਜ ਦੇ ਕੇ ਉਸਾਰੂ ਕੰਮਾਂ ਲਈ ਯਤਨਸ਼ੀਲ ਹੋਣ ਦੀ ਲੋੜ ਹੈ।

● (EDMONTON, ALBERTA)

ਨਵਾਂ ਸਥਾਈ ਕਾਲਮ

# ਸਾਹਿੱਤ ਸਮਾਚਾਰ

(ਸੁਰਿੰਦਰ ਧੰਜਲ)

## • 1. ਤੀਜੀ ਵਿਸ਼ਵ ਕਾਨਫ਼ਰੰਸ ?

ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ (7 ਨਵੰਬਰ 1982) ਵਿੱਚ ਖ਼ਬਰ ਛਪੀ ਹੈ ਕਿ "ਮਈ-ਜੂਨ 1983 ਨੂੰ ਕੈਨੇਡਾ ਵਿਖੇ ਹੋ ਰਹੀ ਤੀਸਰੀ ਵਿਸ਼ਵ ਪੰਜਾਬੀ ਕਾਨਫ਼ਰੰਸ ਦੀ ਤਾਲਮੇਲ ਕਮੇਟੀ ਦੀ ਇੱਕ ਜ਼ਰੂਰੀ ਇਕੱਤਰਤਾ ਭਾਈ ਵੀਰ ਸਿੰਘ ਸਦਨ ਨਵੀਂ ਦਿੱਲੀ ਵਿਖੇ ਪ੍ਰਿੰ: ਗੁਰਚਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ... ।"

ਕੈਨੇਡਾ ਵਿੱਚ ਹੋਏ ਦੂਜੇ ਅਖੌਤੀ ਵਿਸ਼ਵ ਸੰਮੇਲਨ ਦੀ ਅਸਫ਼ਲਤਾ ਅਤੇ ਕੈਨੇਡਾ ਦੇ ਲਗਭਗ 90% ਲੇਖਕਾਂ ਵੱਲੋਂ ਇਸਦਾ ਵਿਰੋਧ ਕੀਤੇ ਜਾਣ ਦੇ ਬਾਵਜੂਦ ਵੀ ਉਪਰੋਕਤ ਇਕੱਤਰਤਾ ਅਤੇ ਇਸਦੀ ਖ਼ਬਰ ਕੈਨੇਡਾ ਦੇ ਸਾਹਿਤਕ ਹਲਕਿਆਂ ਲਈ ਇੱਕੋ ਸਮੇਂ ਹੀ ਅਚੰਭਾ ਵੀ ਹੈ ਅਤੇ ਦੁੱਖਦਾਈ ਵੀ!

ਅਸੀਂ ਵਿਸ਼ਵ ਸੰਮੇਲਨਾਂ ਦੇ ਸੰਕਲਪ ਦੇ ਬੁਨਿਆਦੀ ਤੌਰ ਤੇ ਹੱਕ ਵਿੱਚ ਹਾਂ ਪਰ ਜਿਸ ਗਮੋਗੀਲੇ ਅਤੇ ਗ਼ੈਰ-ਜ਼ਿੰਮੇਵਾਰ ਅੰਦਾਜ਼ ਵਿੱਚ ਕੈਨੇਡਾ ਵਿੱਚ ਇਹ ਨਾਟਕ ਹੋਇਆ/ਹੋ ਰਿਹਾ ਹੈ, ਉਸਦਾ ਵਿਰੋਧ ਕਰਦੇ ਹਾਂ। ਇਸ ਸੰਬੰਧ ਵਿੱਚ ਕੈਨੇਡਾ ਵਿੱਚ ਸੁਖਿੰਦਰ ਦੀ ਰੀਪੋਰਟ (ਵਿਸ਼ਵ ਸੰਮੇਲਨਾਂ ਦਾ ਮਸਲਾ / ਨਵੀਂ ਧਰਤੀ, ਟੋਰਾਂਟੋ / ਨਵੰਬਰ 1, 1982 / ਸਫ਼ਾ 8) ਅਤੇ ਹਿੰਦੁਸਤਾਨ ਵਿੱਚ ਕੈਨੇਡਾ ਦੇ ਸਾਹਿਤ-ਪ੍ਰੇਮੀਆਂ ਇਕਬਾਲ ਰਾਮੂਵਾਲੀਆ ਅਤੇ ਲਛਮਣ ਵੱਲੋਂ ਪ੍ਰਕਾਸ਼ਤ ਹੋਏ ਖ਼ਤ (ਪ੍ਰੀਤਲੜੀ / ਅਕਤੂਬਰ 82 / ਸਫ਼ਾ 60) ਕੈਨੇਡਾ ਦੇ ਬਹੁਤੇ ਸਾਹਿੱਤਕਾਰਾਂ ਦੇ ਦ੍ਰਿਸ਼ਟੀਕੋਣ ਦੀ ਤਰਜਮਾਨੀ ਕਰਦੇ ਹਨ।

## • 2. ਗੁਰਚਰਨ ਰਾਮਪੁਰੀ ਨੂੰ ਇਨਾਮ

ਕੈਨੇਡਾ ਦੇ ਪ੍ਰਸਿੱਧ ਪੰਜਾਬੀ ਕਵੀ ਗੁਰਚਰਨ ਰਾਮਪੁਰੀ ਨੂੰ 1982 ਦਾ ਪੰਜਾਬੀ ਸਾਹਿਤ ਅਕਾਡਮੀ ਇਨਾਮ ਮਿਲਣ ਦਾ ਐਲਾਨ ਕੈਨੇਡਾ ਦੇ ਪੰਜਾਬੀ ਸਾਹਿੱਤਕਾਰਾਂ ਲਈ ਮਾਣ ਅਤੇ ਪ੍ਰਸੰਨਤਾ ਵਾਲੀ ਖ਼ਬਰ ਹੈ। ਪੰਜਾਬੀ ਸਾਹਿੱਤ ਅਕਾਡਮੀ ਚੰਡੀਗੜ੍ਹ (ਪ੍ਰਧਾਨ: ਕਰਤਾਰ ਸਿੰਘ ਦੁੱਗਲ), ਪੰਜਾਬ ਆਰਟਸ ਕਾਊਂਸਲ (ਪ੍ਰਧਾਨ: ਡਾਕਟਰ ਮਹਿੰਦਰ ਸਿੰਘ ਰੰਧਾਵਾ) ਦੇ ਤਿੰਨ ਅੰਗਾਂ ਵਿੱਚੋਂ ਇੱਕ ਹੈ। ਗੁਰਚਰਨ ਰਾਮਪੁਰੀ ਦੇ ਹੁਣ ਤੱਕ ਪੰਜ ਪੰਜਾਬੀ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋਏ ਹਨ:

ਕਣਕਾਂ ਦੀ ਖ਼ੁਸ਼ਬੋ (1953), ਕੌਲ ਕਰਾਰ (1960), ਕਿਰਨਾਂ ਦਾ ਆਲ੍ਹਣਾ (1963), ਅੰਨ੍ਹੀ ਗਲੀ (1972), ਕੰਚਨੀ (1980)

ਅਸੀਂ ਗੁਰਚਰਨ ਰਾਮਪੁਰੀ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਤੋਂ ਹੋਰ ਵੀ ਸ਼ਕਤੀਸ਼ਾਲੀ ਰਚਨਾਵਾਂ ਦੀ ਆਸ ਰੱਖਦੇ ਹਾਂ।

## • 3. ਫ਼ਖ਼ਰ ਜ਼ਮਾਨ ਸਨਮਾਨ ਸਮਾਰੋਹ

ਪਾਕਿਸਤਾਨ ਦੇ ਪ੍ਰਸਿੱਧ ਪੰਜਾਬੀ ਸਾਹਿੱਤਕਾਰ ਫ਼ਖ਼ਰ ਜ਼ਮਾਨ (ਜੋ ਕਿ ਅੱਜਕਲ ਵਿਦੇਸ਼ ਯਾਤਰਾ ਤੇ ਹਨ) ਦੇ ਕੈਨੇਡਾ ਪਹੁੰਚਣ ਉੱਤੇ ਇਆਪਾ (ਕੈਨੇਡਾ) ਵੱਲੋਂ ਉਨ੍ਹਾਂ ਨੂੰ ਪੁਰਸਕਾਰ ਦੇਣ ਦਾ ਐਲਾਨ ਇੱਕ ਪ੍ਰੈੱਸ-ਰਲੀਜ਼ ਰਾਹੀਂ 'ਵਤਨੋਂ ਦੂਰ' ਨੂੰ ਪਹੁੰਚਿਆ ਹੈ। ਫ਼ਖ਼ਰ ਜ਼ਮਾਨ ਨੂੰ ਇਹ ਪੁਰਸਕਾਰ ਜਨਵਰੀ 1983 ਵਿੱਚ ਉਨ੍ਹਾਂ ਦੇ ਨਾਵਲ 'ਬੰਦੀਵਾਨ' ਦੀ ਰਚਨਾ ਲਈ ਦਿੱਤਾ ਜਾਵੇਗਾ। ਪਾਕਿਸਤਾਨ ਦੀ ਮੌਜੂਦਾ ਹਕੂਮਤ ਨੇ ਫ਼ਖ਼ਰ ਜ਼ਮਾਨ ਦੀਆਂ ਚਾਰ ਪੰਜਾਬੀ ਪੁਸਤਕਾਂ (ਵੰਗਾਰ, ਕਰਮੋ ਵੱਲ ਦੀ, ਸੱਤ ਗੁਆਚੇ ਲੋਕ, ਇੱਕ ਮਰੇ ਬੰਦੇ ਦੀ ਕਹਾਣੀ) ਅਤੇ ਇੱਕ ਹਫ਼ਤਾਵਾਰੀ ਅਖ਼ਬਾਰ (ਵੰਗਾਰ) ਉੱਤੇ ਬੈਨ ਲਾਇਆ ਹੋਇਆ ਹੈ। ਇਸ ਹਕੂਮਤ ਅਧੀਨ ਉਹ ਛੇ ਮਹੀਨੇ ਦੀ ਕੈਦ ਵੀ ਭੁਗਤ ਚੁੱਕੇ ਹਨ। ਉਪਰੋਕਤ ਚਾਰ ਪੰਜਾਬੀ-ਪੁਸਤਕਾਂ ਤੋਂ ਬਿਨਾਂ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿੱਚ ਉਨ੍ਹਾਂ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ:

ਪੰਜਾਬੀ : ਬੰਦੀਵਾਨ, ਚਿੜੀਆਂ ਦਾ ਚੰਬਾ

ਉਰਦੂ : ਰਸਤੇ ਕੀ ਧੂਲ, ਦੀਵਾਰੇਂ

ਅੰਗਰੇਜ਼ੀ: PAKISTANI WRITER; Z.A. BHUTTO-THE POLITICAL THINKER.

ਫ਼ਖ਼ਰ ਜ਼ਮਾਨ ਦੀ ਸਮੁੱਚੀ ਘਾਲਣਾ ਨੂੰ ਅਸੀਂ ਪੁਰਸਕਾਰਾਂ ਅਤੇ ਵਧਾਈਆਂ ਤੋਂ ਕਿਤੇ ਉੱਚਾ ਸਮਝਦੇ ਹਾਂ। ਅਸੀਂ ਉਨ੍ਹਾਂ ਦੇ ਜੀਵਨ ਅਤੇ ਸਾਹਿਤ-ਸਿਰਜਣਾ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ।

## • 4. ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ ਦੀ ਫੁੱਟ ... ?

ਇਸ ਸੰਸਥਾ ਵਿੱਚ ਫੁੱਟ ਪੈਣੇ ਇੱਕ ਹਿੱਸੇ ਦਾ 'ਰਜਿਸਟਰਡ' ਹੋਣਾ, ਕੈਨੇਡਾ ਦੇ ਸਾਹਿੱਤਕ ਹਲਕਿਆਂ ਵਿੱਚ ਦੁੱਖ ਅਤੇ ਹੈਰਾਨੀ ਦੇ ਪ੍ਰਭਾਵ ਪੈਦਾ ਕਰਦਾ ਹੈ। 1973 ਵਿੱਚ ਜਨਮੀ ਇਸ ਸੰਸਥਾ ਨੇ ਕੈਨੇਡਾ ਵਿੱਚ ਪੰਜਾਬੀ ਸਾਹਿੱਤ ਦੀ ਪ੍ਰਗਤੀ ਲਈ ਉੱਘਾ ਯੋਗਦਾਨ ਪਾਇਆ ਹੈ। 1980 ਵਿੱਚ ਕੈਨੇਡਾ ਭਰ ਦੇ ਸਤਾਈ ਕਵੀਆਂ ਦੀਆਂ ਰਚਨਾਵਾਂ ਨੂੰ 'ਕੈਨੇਡਾ ਦੀ ਪੰਜਾਬੀ ਕਵਿਤਾ' ਪੁਸਤਕ ਵਿੱਚ ਸ਼ਮਿਲਤ ਅਤੇ ਪ੍ਰਕਾਸ਼ਤ ਕਰਨ ਦੀ ਸਲਾਹੁਣ-ਯੋਗ ਪ੍ਰਾਪਤੀ ਕਰਨ ਵਾਲੀ ਇਸ ਸੰਸਥਾ ਦੇ ਦੋਹਾਂ ਗਰੁੱਪਾਂ (?) ਤੋਂ ਸਮੁੱਚਾ ਕੈਨੇਡੀਅਨ ਪੰਜਾਬੀ ਸਾਹਿੱਤ ਸੁਹਿਰਦਤਾ ਨਾਲ ਇੱਕ ਸਵਾਲ ਪੁੱਛਣ ਦਾ ਹੱਕ ਰੱਖਦਾ ਹੈ — ਇਸ ਫੁੱਟ ਦੇ ਕਾਰਣ ਨਿੱਜੀ ਹਨ; ਕਿ ਸਾਹਿੱਤਕ; ਕਿ ਵਿਚਾਰਧਾਰਕ; ਕਿ ਵਪਾਰਕ; ਕਿ ... ... ...? ●

ਨਵਾਂ ਸਥਾਈ ਕਾਲਮ

# ਵਤਨ ਦੀ ਵਾਅ

(ਲਾਟ ਭਿੰਡਰ)

ਦੇਸ ਤੋਂ ਖ਼ਬਰਾਂ ਪੁੱਜਦੀਆਂ ਨੇ ਕਿ ਅਕਾਲੀਆਂ ਨੇ 'ਧਰਮ-ਯੁੱਧ' ਆਰੰਭ ਦਿੱਤਾ ਹੈ। ਹੌਲੀ ਹੌਲੀ ਸਾਰੇ ਰੰਗਾਂ ਦੇ ਅਕਾਲੀ ਧੜੇ ਇੱਕ ਮਿੱਕ ਹੋ ਕੇ ਕੇਂਦਰੀ ਹਕੂਮਤ ਵਿਰੁੱਧ 'ਡਟ' ਗਏ ਹਨ। ਅਨੰਦਪੁਰ ਵਾਲਾ ਮਤਾ ਤੇ ਕੁਝ ਹੋਰ ਮੰਗਾਂ ਲੈ ਕੇ ਅਕਾਲੀਆਂ ਨੇ ਜੇਲ੍ਹਾਂ ਭਰ ਦਿੱਤੀਆਂ ਨੇ। ਫਿਰਕੂ ਪਰੈੱਸ ਵੱਲੋਂ ਧਾਰਮਿਕ ਜਨੂੰਨੀਆਂ (ਭਿੰਡਰਾਂ ਵਾਲਾ ਤੇ ਟੌਹੜਾ) ਦਾ ਪੁਲਸੀ ਹਿਰਾਸਤਾਂ ਵਿੱਚੋਂ ਮੱਖਣ ਵਿੱਚੋਂ ਵਾਲ ਵਾਂਗ ਨਿੱਕਲ ਜਾਣਾ, ਬਾਦਲ ਦਾ ਨਾਟਕੀ ਢੰਗ ਨਾਲ ਗਾਇਬ ਹੋ ਜਾਣਾ ਅਤੇ 'ਖੰਡੇ ਦੀ ਧਾਰ ਤੋਂ ਜਨਮੇ ਅਕਾਲੀਆਂ ਦਾ ਮੋਰ ਮਾਰਕੇ ਸੜਕ ਤੇ ਬੈਠ ਜਾਣਾ' ਆਦਿ ਮਦਾਰੀ ਦੇ ਤਮਾਸ਼ੇ ਵਾਂਗ ਪੇਸ਼ ਕੀਤਾ ਜਾ ਰਿਹਾ ਹੈ। ਕੁਝ 'ਸ਼ਰਾਰਤੀਆਂ' ਨੇ ਗਊਆਂ ਦੀਆਂ ਪੂਛਾਂ ਅਤੇ ਸਿਰ ਵੱਢਕੇ ਹਿੰਦੂ ਧਾਰਮਿਕ ਸਥਾਨਾਂ 'ਤੇ ਸੁੱਟਣ ਦੀਆਂ ਕਰਤੂਤਾਂ ਕੀਤੀਆਂ ਹਨ। ਇੱਕਾ-ਦੁੱਕਾ ਮਾਰ-ਧਾੜ ਦੀਆਂ ਖ਼ਬਰਾਂ ਵੀ ਪੁੱਜਦੀਆਂ ਨੇ ਕਦੇ! ਕੁਝ 'ਅੱਤਿਵਾਦੀ' ਖ਼ਾਲਸਤਾਨ ਦਾ ਨਾਅਰਾ ਵੀ ਵਿੱਚੇ ਹੀ ਲਗਾਈ ਜਾਂਦੇ ਹਨ। ਇਹਨਾਂ 'ਛੇੜਖਾਨੀਆਂ' ਪਿੱਛੇ ਕੋਈ 'ਬਾਹਰਲਾ ਹੱਥ' ਹੋਣ ਦਾ ਦਾਅਵਾ ਵੀ ਕੁਝ ਲੋਕ ਕਰਦੇ ਨੇ।

ਵਤਨੋਂ ਦੂਰ ਬੈਠੇ ਸਾਰੇ ਹਿੰਦੁਸਤਾਨੀ ਅਜਿਹੀਆਂ ਘਟਨਾਵਾਂ ਤੇ ਵਾਰਦਾਤਾਂ ਸੁਣਕੇ ਬੜੇ ਮਾਯੂਸ ਹੁੰਦੇ ਹਨ। ਦੇਸੋਂ ਆਉਂਦੇ ਹਰ ਬੰਦੇ ਪਾਸੋਂ ਪੰਜਾਬ ਦੀ ਤਾਜ਼ਾ ਸਥਿਤੀ ਬਾਰੇ ਬਹੁਤ ਉਤਸੁਕਤਾ ਨਾਲ ਪੁੱਛਿਆ ਜਾਂਦਾ ਹੈ। ਅਨੰਦਪੁਰ ਵਾਲੇ ਮਤੇ ਦਾ ਜ਼ਿਕਰ ਬਾਰ ਬਾਰ ਆਉਣ ਤੇ ਵੀ ਕਿਸੇ ਪਾਸਿਉਂ ਵੀ ਮਤੇ ਬਾਰੇ ਪੂਰੀ ਜਾਣਕਾਰੀ/ਵਿਆਖਿਆ ਇੱਥੇ ਨਹੀਂ ਪਹੁੰਚਦੀ। ਭਾਵੇਂ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪਰਦੇਸੀ ਗੁਰਦੁਆਰਿਆਂ ਅਤੇ ਧਾਰਮਿਕ ਸੰਸਥਾਵਾਂ ਪਾਸੋਂ ਮੋਰਚੇ ਦੀ ਕਾਮਯਾਬੀ ਲਈ ਮੰਗੀ ਮੱਦਦ ਬਾਰੇ ਸੂਚਨਾਵਾਂ ਅਕਸਰ ਮਿਲਦੀਆਂ ਹਨ ਪਰ ਗਿਣਤੀ ਦੇ ਲੋਕਾਂ ਨੂੰ ਛੱਡਕੇ ਬਾਹਰ ਰਹਿੰਦੇ ਬਹੁਤੇ ਲੋਕ ਤਾਂ ਨਾ ਮੋਰਚੇ ਦੀਆਂ ਸਾਰੀਆਂ ਮੰਗਾਂ ਤੋਂ ਹੀ ਜਾਣੂ ਹਨ ਤੇ ਨਾ ਮੰਗਾਂ ਦੇ ਆਧਾਰ ਤੋਂ!

ਜਥੇਦਾਰ ਤੁੜ ਦੀ ਅਗਵਾਈ ਹੇਠ ਅਕਤੂਬਰ 73 ਵਿੱਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਪਾਸ ਕੀਤੇ ਅਨੰਦਪੁਰ ਦੇ ਮਤੇ ਦਾ ਮੁੱਖ ਮੰਤਵ ਸੂਬਾਈ ਸਾਲਮਤਾ ਹਾਸਲ ਕਰਨਾ ਅਤੇ ਕੇਂਦਰੀ ਸਰਕਾਰ ਵੱਲੋਂ ਸਿੱਖਾਂ ਪ੍ਰਤੀ ਅਪਣਾਈਆਂ ਵਿਤਕਰਾ-ਪਰਸਤ ਨੀਤੀਆਂ (DISCRIMINATORY POLICIES) ਦੀ ਵਿਰੋਧਤਾ ਕਰਨਾ ਹੈ। ਸਹਿਜ ਮਤੇ ਵਾਲੇ (MODERATE) ਅਕਾਲੀਆਂ ਵੱਲੋਂ ਇਸ ਮਤੇ ਦੀ ਕੀਤੀ ਵਿਆਖਿਆ ਅਨੁਸਾਰ ਸਿੱਖਾਂ ਨੂੰ ਹਿੰਦੁਸਤਾਨੀ ਸੰਵਿਧਾਨ ਵਿੱਚ ਵਿਸ਼ੇਸ਼ - ਸਥਾਨ ਪ੍ਰਾਪਤ ਹੋਵੇ; ਪੰਜਾਬ ਨੂੰ ਵਧੇਰੇ ਸੂਬਾਈ ਹੱਕ ਹਾਸਲ ਹੋਣ, ਪੰਜਾਬ ਨੂੰ ਬਿਜਲੀ ਅਤੇ ਪਾਣੀ ਦੀ ਵਧੇਰੇ ਸਪਲਾਈ ਮਿਲੇ; ਪੰਜਾਬ ਦੇ ਨਾਲ ਲਗਦੇ ਪੰਜਾਬੀ ਬੋਲਦੇ ਇਲਾਕੇ ਅਤੇ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ ਆਦਿ।

ਐਨ ਉਸ ਵੇਲੇ ਜਦੋਂ ਕਿ ਹਿੰਦੁਸਤਾਨ ਵਿੱਚ ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਪੂਰੇ ਜ਼ੋਰਾਂ 'ਤੇ ਹੈ; ਆਮ ਲੋਕਾਂ, ਕਿਸਾਨਾਂ ਤੇ ਮਜ਼ਦੂਰਾਂ ਦੇ ਜਮਹੂਰੀ ਹੱਕਾਂ 'ਤੇ ਆਏ ਦਿਨ ਹਮਲੇ ਹੋ ਰਹੇ ਹਨ; ਕਿਸਾਨਾਂ ਵੱਲੋਂ ਧੀਆਂ ਪੁੱਤਾਂ ਵਾਂਗ ਪਾਲ ਕੇ ਪੈਦਾ ਕੀਤੀ ਫ਼ਸਲ ਹਫ਼ਤਿਆਂ ਬੱਧੀ ਮੰਡੀਆਂ 'ਚ ਰੁਲਦੀ ਪਈ ਹੈ ਤਾਂ ਇਨ੍ਹਾਂ ਸਾਰੇ ਹਾਲਾਤਾਂ ਨੂੰ ਅੱਖੋਂ ਪਰੋਖੇ ਕਰਕੇ ਅਕਾਲੀਆਂ ਵੱਲੋਂ 'ਅਖੌਤੀ ਧਰਮ-ਯੁੱਧ' ਆਰੰਭਣਾ ਆਮ ਜਨਤਾ ਦੇ ਕਿਨਾ ਕੁ ਹੱਕ ਵਿੱਚ ਜਾਂਦਾ ਹੈ? ਵੇਖਣ ਵਾਲੀ ਗੱਲ ਇਹ ਵੀ ਹੈ ਜਦੋਂ ਅਕਾਲੀਆਂ ਦੀ ਆਪਣੀ ਹਕੂਮਤ ਸੀ, ਪੰਜਾਬ ਦੇ ਬਹੁਤੇ ਐੱਮ.ਪੀ. ਅਕਾਲੀ ਦਲ ਦੀ ਹੀ ਨੁਮਾਇੰਦਗੀ ਕਰ ਰਹੇ ਸਨ ਤਾਂ ਉਦੋਂ ਇਸ ਮਤੇ ਨੂੰ ਜ਼ੋਰ ਪਾ ਕੇ ਮਨਵਾਉਣ ਦੀ ਕਿਸੇ ਕੋਸ਼ਿਸ਼ ਨਹੀਂ ਕੀਤੀ ਭਾਵੇਂ ਕਿ ਵਿੱਚ-ਵਿਚਾਲੇ ਸੂਬਿਆਂ ਨੂੰ ਵਧੇਰੇ ਹੱਕ ਮਿਲਣ ਦਾ ਨਾਅਰਾ ਉਹ ਕਦੇ ਕਦੇ ਮਾਰ ਛੱਡਦੇ ਸਨ!

ਪੰਜਾਬ ਦੇ ਪਾਣੀਆਂ ਨੂੰ ਪੰਜਾਬ ਵਿੱਚ ਹੀ ਰੱਖਣ ਲਈ ਤਾਂ ਅਕਾਲੀ ਬੜਾ ਰੌਲਾ ਪਾ ਰਹੇ ਹਨ ਪਰ ਕਿਸਾਨਾਂ ਨੂੰ ਆਪਣਾ ਪਾਣੀ ਪੈਦਾ ਕਰਨ ਦੇ ਸਾਧਨ ਜਿਵੇਂ ਪਾਣੀ ਕੱਢਣ ਵਾਲੇ ਇੰਜਣ ਅਤੇ ਇਨ੍ਹਾਂ ਲਈ ਵਰਤਿਆ ਜਾਂਦਾ ਤੇਲ ਸਮੇਂ ਸਿਰ ਅਤੇ ਸਹੀ ਕੀਮਤਾਂ ਉੱਪਰ ਨਾ ਮਿਲਣ ਲਈ ਇਹ ਕੁਝ ਨਹੀਂ ਕਹਿ ਰਹੇ ਹਨ! ਪੰਜਾਬ ਦੀਆਂ ਮੰਡੀਆਂ ਵਿੱਚ ਗਰੀਬੜੇ ਕਿਸਾਨਾਂ ਦਾ ਝੋਨਾ ਤਾਂ ਹਫ਼ਤਿਆਂ ਬੱਧੀ ਉਦੋਂ ਵੀ ਸੁਕਦਾ ਰਿਹਾ ਸੀ ਜਦੋਂ ਵਿਚਲੀ ਛੱਤ ਉਤੇ ਬਾਦਲ ਸੀ ਤੇ ਉਪਰਲੀ ਛੱਤੇ ਜ਼ਰਾਇਤ-ਮੰਤਰੀ ਵੀ ਅਕਾਲੀਆਂ ਦਾ ਆਪਣਾ ਹੀ ਸੀ।

ਅਜਿਹੇ ਵਾਕਿਆਤ ਨੂੰ ਮੱਦੇ-ਨਜ਼ਰ ਰਖਦਿਆਂ ਇਹ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਕਿ ਇਹ 'ਅਖੌਤੀ ਧਰਮ-ਯੁੱਧ' ਕੋਈ ਧਰਮ-ਯੁੱਧ ਨਹੀਂ ਸਗੋਂ 'ਗੱਦੀ-ਯੁੱਧ' ਹੈ। ਗੁਆਚੀਆਂ ਕੁਰਸੀਆਂ ਨੂੰ ਕੂਰਦੇ (ਲੱਭਦੇ) ਅਕਾਲੀਆਂ ਦਾ ਕਹਿਣਾ ਹੈ ਕਿ "ਕਾਂਗਰਸ ਦੇ ਹੱਥ ਠੋਕੇ 'ਦਲ ਖ਼ਾਲਸਾ' ਅਤੇ 'ਨੈਸ਼ਨਲ ਕੌਂਸਲ ਆਫ਼ ਖ਼ਾਲਸਤਾਨ' ਦਾ ਨਾਅਰਾ ਭਾਵੇਂ ਖ਼ਾਲਸਤਾਨ ਹੀ ਹੈ, ਪਰ ਇਨ੍ਹਾਂ ਦੋਹਾਂ ਦਾ ਟੀਚਾ ਅਕਾਲੀ ਦਲ ਨੂੰ ਰਾਜਨੀਤਕ ਠੇਸ ਪੁਚਾਉਣਾ ਹੀ ਹੈ।"

ਦਿਖਾਵੇ ਵਜੋਂ ਸਾਰੇ ਅਕਾਲੀ ਧੜੇ ਇਕੱਠੇ ਹੋ ਕੇ ਤੁਰੇ ਹਨ ਪਰ ਨਾਲ ਹੀ ਇਹ ਖ਼ਬਰਾਂ ਵੀ ਪੁਜਦੀਆਂ ਹਨ ਕਿ 'ਰੰਗੇ ਗਿੱਦੜਾਂ' ਦੀ ਤਰ੍ਹਾਂ, ਕਿਸੇ ਸਾਂਝੇ ਲੋਕ-ਪੱਖੀ ਪਰੋਗਰਾਮ ਉੱਤੇ ਜਥੇਬੰਦ ਹੋਣ ਸਾਂਝੀ ਬਿਆਨਬਾਜ਼ੀ ਦੀ ਥਾਂ ਆਪ-ਮੁਹਾਰੀ 'ਹੁਆਂਕਣ' ਵਰਗੀ ਬਿਆਨਬਾਜ਼ੀ ਕਰਕੇ ਇਹ ਧੜੇ ਦਿਨ ਦਿਨ ਆਪਣੀ ਅਸਲੀਅਤ ਦਾ ਪ੍ਰਗਟਾਵਾ ਵੀ ਕਰੀ ਜਾਂਦੇ ਹਨ।

(ਬਾਕੀ ਸਫ਼ਾ 19)

# ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ

(ਮੋਹਨਜੀਤ)

ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ ਲਈ ਮੇਰੇ ਅਧਿਐਨ ਦਾ ਆਧਾਰ ਅਜਮੇਰ ਰੋਡੇ, ਸੁਖਿੰਦਰ, ਸੁਰਜੀਤ ਕਲਸੀ, ਇਕਬਾਲ ਰਾਮੂਵਾਲੀਆ ਅਤੇ ਸੁਰਿੰਦਰ ਧੰਜਲ ਦੀਆਂ ਪ੍ਰਾਪਤ ਰਚਨਾਵਾਂ ਹਨ [ਅਜਮੇਰ ਰੋਡੇ ਦੀਆਂ ਕਵਿਤਾਵਾਂ ਲਈ 'ਸੁਰਤੀ', ਸੁਖਿੰਦਰ ਦੀਆਂ ਕਵਿਤਾਵਾਂ ਲਈ 'ਲੱਕੜ ਦੀਆਂ ਮੱਛੀਆਂ', ਸੁਰਜੀਤ ਕਲਸੀ ਦੀ ਪੁਸਤਕ 'ਪੌਣਾਂ ਨਾਲ ਗੁਫਤਗੂ' ਅਤੇ ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ ਦੀਆਂ ਕਾਵਿ-ਕਿਰਤਾਂ ਲਈ 'ਤਿੰਨ ਕੋਣ'] ਕੈਨੇਡਾ ਦੀ ਨਵੀਂ ਪੰਜਾਬੀ ਕਾਵਿ-ਪ੍ਰੰਪਰਾ ਦੀ ਮੁਖਧਾਰਾ [ਮੇਨਸਟਰੀਮ] ਦੀ ਸਮਰਥਾ/ ਅਸਮਰਥਾ ਦੇਖਣ ਲਈ ਅੱਜ ਦੀ ਸਭਾ ਲਈ ਫਿਲਹਾਲ ਮੇਰੇ ਕਥਨ ਦਾ ਵਿਸਥਾਰ ਇਹਨਾਂ ਪੰਜ ਕਵੀਆਂ ਤੀਕ ਹੀ ਸੀਮਤ ਹੈ।

ਇਕ ਗੱਲ ਜੋ ਆਮ ਪ੍ਰਵਾਸੀ ਪ੍ਰਾਪਤ ਰਚਨਾਵਾਂ 'ਚੋਂ ਪ੍ਰਭਾਵ ਦੇਂਦੀ ਹੈ, ਉਹ ਇਹ ਹੈ ਕਿ ਪ੍ਰਵਾਸੀ ਲੇਖਕ ਵਿਦੇਸ਼ਾਂ ਵਿਚ ਜਾ ਕੇ ਤਿੰਨ ਤਰਾਂ ਦੀਆਂ ਰਚਨਾਵਾਂ ਕਰਦੇ ਰਹੇ ਹਨ: ਇਕ ਜੋ ਤਾਂ ਦੇਸ਼ ਵਿਚਲੇ ਵਾਪਰਦੇ ਪ੍ਰਸੰਗਾਂ/ ਸਥਿਤੀਆਂ ਨੂੰ ਸਾਹਵੇਂ ਰੱਖਿਆ ਪਰ ਇਹ ਉਹਨਾਂ ਕੇਵਲ ਸੰਸਕਾਰੀ-ਘਰ-ਸਨੇਹ ਕਾਰਨ ਕੀਤਾ। ਨਤੀਜੇ ਵਜੋਂ ਸਥਿਤੀ ਨੂੰ OVERHEAR ਦੇ ਪੱਧਰ ਤੱਕ ਜਾਣਨ ਕਾਰਨ ਇਹ ਉਹਨਾਂ ਦੇ ਅਨੁਭਵ ਦਾ ਆਤਮਸਾਤ-ਪ੍ਰਗਟਾਉ ਨਹੀਂ ਬਣ ਸਕਿਆ। ਦੂਸਰਾ ਪੱਖ ਪੱਛਮ ਦੀ ਮਕਾਨਕਤਾ ਨੂੰ ਚਿਤਰਣ ਦਾ ਹੈ, ਇਸ ਲਈ ਲੋੜੀਂਦੀ ਪੱਛਮੀ ਸਾਂਸਕ੍ਰਿਤਕ ਪ੍ਰਤਿਭਾ ਦੀ ਘਾਟ ਅਤੇ ਅੰਤਰ ਦ੍ਰਿਸ਼ਟੀ ਦੀ ਉਪਰਤ ਕਾਰਨ ਇਹ ਅਨੁਭਵ ਵੀ ਉਹਨਾਂ ਦੀ ਮਾਨਸਿਕਤਾ ਦਾ ਅੰਸ਼ ਨਹੀਂ ਬਣ ਸਕਿਆ। ਤੀਜੇ ਵਰਗ ਵਿਚ ਉਹ ਅਨੁਭਵ ਹੈ, ਜੋ ਕੁਝ ਲੇਖਕਾਂ ਦੇ ਪ੍ਰਵਾਸੀ ਬਣਨ ਤੋਂ ਪਹਿਲਾਂ ਦਾ ਹੈ। ਇਸ ਵਿਚ ਕੁਝ ਲੋਕ ਅੰਸ਼ਕ ਸਫਲ ਹਨ। ਪਰ ਪ੍ਰਸ਼ਨ ਤਾਂ ਸਾਹਿਤਕ ਪ੍ਰੰਪਰਾ ਦੀ ਸਮੁੱਚ [TOTALITY] ਦਾ ਹੈ ਜੋ ਆਪਣੀ ਅਸਮਰਥਾ ਅਤੇ ਅਪੂਰਣਤਾ ਕਾਰਨ ਰੜਕਦਾ ਹੈ। ਇਹ ਗੱਲ ਤਾਂ ਅਸਾਂ ਆਮ ਪ੍ਰਾਪਤ ਰਚਨਾ ਦੀ ਕੀਤੀ ਹੈ।

ਹਥਲਾ ਅਧਿਐਨ ਉਪਰੋਕਤ ਧਾਰਨਾ ਤੋਂ ਬਹੁਤ ਹੱਦ ਤੀਕ ਵੱਖਰਾ ਹੈ, ਕੁਝ ਹੱਦ ਤੀਕ ਵਰਗਾ ਹੈ। ਇਸ ਅਧਿਐਨ ਦੌਰਾਨ ਇੰਜ ਲੱਗਾ ਹੈ ਜਿਵੇਂ ਇਹ ਮੌਜੂਦਾ ਪੰਜਾਬੀ ਕਵਿਤਾ ਦੀ ਸਮੁੱਚੀ ਪ੍ਰੰਪਰਾ ਦੀ ਗੱਲ ਹੋਏ। [ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਇਹ ਵਿਸ਼ੇਸ਼ ਵੀ ਹੋ ਸਕਦੀ ਹੈ] ਅਜਮੇਰ ਰੋਡੇ ਦੀ ਅੰਤਰਪ੍ਰੇਰਨਾ [INTUTION] ਸੁਰਤੀ ਦਾ ਕ੍ਰਿਆਤਮਕ ਸੰਕਲਪ ਹੈ ਜੋ ਮਨੁੱਖੀ ਜੀਵਨ ਦੇ ਸਮੁੱਚੇ ਪ੍ਰਪੰਚ ਦੀ ਚਾਲਕ ਸ਼ਕਤੀ ਹੈ। ਖੂਬੀ ਦੀ ਗੱਲ ਇਹ ਹੈ ਕਵੀ ਨੇ ਸੁਰਤੀ ਦੇ ਇਸ ਸੰਕਲਪ ਪਹਿਲੂ ਨੂੰ ਆਪਣਾ ਕਾਵਿ-ਰੂਪਕ ਬਣਾਇਆ ਹੈ। ਸਿਧਾਂਤ ਪੱਧਰ 'ਤੇ ਉਹਦੀ ਸੋਚ-ਬਿੰਦੂ ਅਤੇ ਗਤੀ ਦੇ ਮੂਲ ਨੂੰ ਲੱਭਦੀ ਹੈ, ਕਾਵਿ-ਪ੍ਰਕਾਸ਼ ਵਿਚ ਇਹ ਸੋਚ-ਪ੍ਰਕਾਸ਼ ਮਾਨਵੀ-ਸੰਵੇਦਨਾ ਦੇ ਰੂਪ ਵਿਚ ਅਨੁਭਵ ਨੂੰ ਆਪਣੀ ਆਧਾਰ ਸ਼ਿਲਾ ਬਣਾਉਂਦਾ ਹੈ। ਕਾਵਿ-ਪ੍ਰਕਾਸ਼ ਕਾਵਿ-ਭਾਸ਼ਾ ਦਾ ਹੀ ਪੈਟਰਨ ਬੱਧ ਨਿਭਾਉ ਹੈ। ਕਾਵਿ-ਭਾਸ਼ਾ ਵਿਚ ਵਾਕ-ਰਚਨਾ [SYNTAX] ਸਭ ਤੋਂ ਮਹੱਤਵਪੂਰਣ ਤੱਤ [ELEMENT] ਹੈ। ਕਿਉਂਕਿ ਇਹ ਸ਼ਾਬਦਿਕ ਪ੍ਰਯੋਜਨ ਤੋਂ ਅਗਾਂਹ ਪ੍ਰਭਾਵ ਪ੍ਰਯੋਜਨ ਦੀ ਭੂਮਿਕਾ ਵੀ ਨਿਭਾਉਂਦਾ ਹੈ। ਅਜਮੇਰ ਦੀ ਕਵਿਤਾ ਆਪਣੀ ਵਾਕ ਰਚਨਾ

ਵਿਚ ਅਜੋਗ ਪ੍ਰਭਾਵ ਦੇਂਦੀ ਹੈ। ਸੁਰਤੀ ਸਮੁੱਚੇ ਆਪੇ ਦੀ ਏਕਤਾ ਦਾ ਹੀ ਸੰਕਲਪ ਹੈ। ਜਿਵੇਂ ਜੜ੍ਹ ਤੇ ਫਲਾਅ ਇਕੋ ਹਸਤੀ ਹੈ। ਸੁਰਤੀ ਮਾਇਆ ਦਾ ਪਸਾਰ ਵੀ ਹੈ ਅਤੇ ਮਾਇਆ ਦੀ ਫਨਾਹਕਾਰੀ ਤੋਂ ਬਾਅਦ ਵੀ ਜੀਵਤ ਹੈ। ਰੋਡੇ ਦੀ ਕਵਿਤਾ ਵਿਚ ਸ਼ਾਬਦਿਕ ਸੰਗਠਨ ਹੀ ਅਰਥ-ਬਿੰਬ ਹੈ

ਸਹਿਜ ਸੁਭਾ ਮੁਸਕਾਈ ਸੁਰਤੀ
ਸਹਿਜ ਸੁਭਾ ਫਿਰ ਬੋਲੀ
ਮੈਂ ਤਾਂ ਇਸ ਪਲ ਤੇਰੇ ਅੰਦਰ
ਨਦੀਆਂ ਬਣ ਕੇ ਵਗਣਾ ਤੇ ਤੁਰ ਜਾਣਾ
ਇਸ ਪਲ ਜਲਥਲ ਜਲਥਲ ਹੋ ਜਾ
ਅਗਲੇ ਪਲ ਵਿਚ ਕਿਣਕਾ ਕਿਣਕਾ ਸੁੱਕ ਜਾ
ਅਗਲੇ ਪਲ ਵਿਚ ਕੋਈ ਸੋਮਾ ਬਣ ਕੇ ਫੁੱਟ ਪਾ
ਤੇਰੀ ਇੱਛਾ
ਮੈਂ ਅਗਲੇ ਪਲ ਤੁਰ ਜਾਣਾ ਹੈ
ਮੋਹ ਮਿੱਟੀ ਦੇ ਬੰਧਨ ਸਿਰਜੇ ਰੁੜ੍ਹ ਜਾਵਣਗੇ
(ਸਹਿਜ ਸੁਭਾ ਮੁਸਕਾਈ ਸੁਰਤੀ)

ਪੰਜਾਬੀ ਕਵਿਤਾ ਦੀ ਸਮੁੱਚੀ ਪ੍ਰੰਪਰਾ ਵਿਚ ਮੇਰੀ ਜਾਚੇ ਅਜਮੇਰ ਰੋਡੇ ਹੀ ਪਹਿਲਾ ਕਵੀ ਹੈ ਜਿਨ੍ਹੇ ਪੱਛਮੀ-ਝੁਕਾ ਵਾਲੀ ਕੰਕਰੀਟ ਅਤੇ ਕੰਪਿਊਟਰ ਕਵਿਤਾ ਰਚੀ ਹੈ। ਕੰਕਰੀਟ ਕਵਿਤਾ ਦਾ ਸ਼ਾਬਦਿਕ ਢਾਂਚਾ [VERBAL ARTIFACT] ਦ੍ਰਿਸ਼ਮੂਲਕ ਪ੍ਰਭਾਵ ਵਾਲਾ ਜਾਂ ਆਕਾਰੀ ਹੈ। ਪਰ ਅਜਮੇਰ ਇਸ ਕਵਿਤਾ ਦੇ ਦ੍ਰਿਸ਼ਮੂਲਕ ਪ੍ਰਭਾਵ ਤੋਂ ਪਰ੍ਹੇ ਇਸ ਦੇ ਕੱਥ-ਮੂਲਕ ਪ੍ਰਭਾਵ ਨਾਲ ਵੀ ਵਾਪਰਦਾ ਹੈ। ਕੰਕਰੀਟ ਕਵਿਤਾ ਦੇ ਆਕਾਰਾਂ ਦਾ ਰੂਪ [SYMBOLIC MEANING] ਵੀ ਦੇਂਦਾ ਹੈ। ਇੰਜ ਇਹ ਕਾਵਿ-ਰੂਪ ਪੰਜਾਬੀ ਦੀ ਪ੍ਰਯੋਗਵਾਦੀ ਲਹਿਰ ਤੋਂ ਬਿਲਕੁਲ ਅਲੱਗ ਹੈ ਜਿਸ ਵਿਚ ਬਹੁਤੀ ਵਾਰ ਪ੍ਰਯੋਗ ਕੇਵਲ ਪ੍ਰਯੋਗ ਦੀ ਖ਼ਾਤਰ ਹੀ ਕੀਤਾ ਗਿਆ ਹੈ। ਅਜਮੇਰ ਰੋਡੇ ਕਾਵਿ-ਪ੍ਰਕਾਰਜ ਵੱਲੋਂ ਕਿਤੇ ਵੀ ਅਵੇਸਲਾ ਨਹੀਂ ਹੁੰਦਾ।

ਅਜਮੇਰ ਰੋਡੇ ਦੇ ਪ੍ਰਯੋਗਾਂ ਦੀ ਸਾਰਥਕਤਾ ਅਤੇ ਆਧੁਨਿਕ ਤਕਨਾਲੋਜੀ ਬਾਰੇ ਨਿਕਟ ਅਨੁਭਵ ਨੂੰ ਉਹਦੀਆਂ ਕਵਿਤਾਵਾਂ 'ਅਮਰੀਕਾ', 'ਸਪਰਸ ਅਸੰਖਾਂ ਅਸੰਖ', 'ਕੁਰਬਾਨੀ ਦੇਣੀ ਹੈ ਲਾਜ਼ਮੀ' ਆਦਿ 'ਚੋਂ ਵੇਖਿਆ ਜਾ ਸਕਦਾ ਹੈ। ਕੰਕਰੀਟ ਕਵਿਤਾ ਦੇ ਪ੍ਰਸੰਗ ਵਿਚ ਵੇਖੋ :

ਸੁਤੰਤਰਤਾ ?
ਸੁਤੰਤਰਤਾ ਕੀ ?
ਸੁਤੰਤਰਤਾ ਕੀ ਜੀਭ ਦੀ ?
ਸੁਤੰਤਰਤਾ ਕੀ ਜੀਭ ਦੀ ਕਲਮ ਦੀ ?
ਸੁਤੰਤਰਤਾ ਕੀ ਜੀਭ ਦੀ ਕਲਮ ਦੀ? ਕਦੋਂ ਮਿਲੀ।
ਸੁਤੰਤਰਤਾ ਕੀ ਜੀਭ ਦੀ ਕਲਮ ਦੀ ਕਦੋਂ ਮਿਲੀ! ਜੇ ਮਿਲੀ
ਤਾਂ ਗੰਦੇ ਨਾਲੇ ਦੇ ਪੁਲ ਹੇਠ ਜੰਮੇ ਪੁਲ ਹੇਠ ਬੁੱਢੇ ਹੋਏ ਰਾਮੂ ਨੂੰ ਕੀ!
(ਸੁਤੰਤਰਤਾ ? )

ਅਜਮੇਰ ਰੋਡੇ ਦਾ ਪ੍ਰਤੀਕ ਗਤੀਸ਼ੀਲ ਵਿਸਥਾਰ ਵਾਲਾ ਹੈ। ਇਹ ਕੇਵਲ ਕਾਵਿ-ਕਥਨ ਤੱਕ ਹੀ ਸੀਮਤ ਨਹੀਂ ਸਗੋਂ 'ਸੁਰਤੀ' ਪ੍ਰਤੀਕ ਰੂਪ ਵਿਚ ਅਗਾਊਂ ਵਿਸਥਾਰ ਵੀ ਗ੍ਰਹਿਣ ਕਰਦਾ ਹੈ :

ਇਕ ਦੂਜੇ ਦੀ ਸਵਾਰੀ ਕਰਦੇ ਹਾਂ
ਮੈਂ ਘੋੜੇ ਤੇ ਕਾਠੀ ਪਾਉਂਦਾ ਹਾਂ ਥਾਪੀ ਦੇਂਦਾ ਹਾਂ
ਤੇ ਉੱਤੇ ਚੜ੍ਹ ਕੇ
ਸਿੱਧਾ ਉਸ ਸੋਮੇਂ ਵਲਨੂੰ ਭਜਾ ਲੈਂਦਾ ਹਾਂ
ਘੋੜਾ ਸਰਪਟ ਦੌੜਦਾ ਹੈ
ਝੱਗੋ ਝੱਗ ਹੁੰਦਾ ਹੈ

ਮੈਂ ਸੋਮੇਂ ਤੇ ਨਹੀਂ ਪਹੁੰਚਦਾ
ਪਹਿਲਾਂ ਹੀ ਨਿਸਲ ਹੋ ਜਾਂਦਾ ਹਾਂ
ਧਰਤੀ ਤੇ ਚੌਫਾਲ ਡਿੱਗ ਪੈਂਦਾ ਹਾਂ।
ਘੋੜਾ ਮੈਨੂੰ ਚਟਦਾ ਹੈ
ਉਠਾਉਂਦਾ ਹੈ
ਕਾਠੀ ਪਾਉਂਦਾ ਹੈ
ਉਤੇ ਬਹਿ ਅੰਨ੍ਹੇ ਵਾਹ ਭਜਾਉਂਦਾ ਹੈ
ਉਦੋਂ
ਮੈਂ ਅਕਸਰ ਕਵਿਤਾ ਲਿਖਦਾ ਹਾਂ।
ਮੈਂ ਸਿਰਤੋੜ ਨਸਦਾ ਹਾਂ
ਪਰ ਘੋੜਾ ਹੰਭ ਕੇ
ਧਰਤੀ ਤੇ ਚੌਫਾਲ ਡਿੱਗ ਪੈਂਦਾ ਹੈ
ਮੈਂ ਘੋੜੇ ਨੂੰ ਉਠਾਉਂਦਾ ਹਾਂ
ਕਾਠੀ ਪਾਉਂਦਾ ਹਾਂ
ਥਾਪੀ ਦੇਂਦਾ ਹਾਂ
ਫਿਰ ਸਿੱਧਾ
ਉਸ ਸੋਮੇਂ ਵੱਲ ਨੂੰ ਭਜਾ ਲੈਂਦਾ ਹਾਂ।
(ਘੋੜਾ ਤੇ ਮੈਂ)

ਇਸ ਤੋਂ ਬਿਨਾਂ 'ਜ਼ਿਉਂਦ ਹੋਣ ਤੇ ਅਰਥ ਹੋਣ', 'ਨਾਗਮਣੀ', 'ਉਹ', 'ਦਗ਼ਦੇ ਕੋਲੇ ਨੂੰ ਤਲੀ ਤੇ ਰੱਖ ਕੇ ਵੇਖੋ', 'ਮੈਂ ਸੁਪਨੇ ਦੇ ਨੈਣੀਂ ਕੱਜਲਾ ਪਾਇਆ', 'ਅੰਤਰ ਨਿਸ਼ਕੋਰ', ਆਦਿ ਕਵਿਤਾਵਾਂ ਪੜ੍ਹਨ ਨਾਲ ਸਬੰਧ ਰੱਖਦੀਆਂ ਹਨ। ਮੈਂ ਅਜਮੇਰ ਰੋਡੇ ਦੀ ਕਵਿਤਾ ਨੂੰ ਸਵੈ-ਤਲਾਸ਼ ਦੀ ਕਵਿਤਾ ਕਹਾਂਗਾ। ਪਰ ਇਹ ਤਲਾਸ਼ ਤੱਤ-ਗਿਆਨੀ ਦੀ ਤਲਾਸ਼ ਹੈ। ਜੋ ਅੰਤਰਦਰਸ਼ੀ ਵੀ ਹੈ, ਪਾਰ ਦਰਸ਼ੀ ਵੀ। ਰੋਡੇ ਦੀ ਕਵਿਤਾ ਨੂੰ ਮੈਂ ਵਿਸਮਰਤੀ ਤੋਂ ਚੇਤਨਾ ਤੇ ਚੇਤਨਾ ਤੋਂ ਬਾਣੀ ਤੱਕ ਸਫ਼ਰ ਕਹਿਣਾ ਪਸੰਦ ਕਰਦਾ ਹਾਂ। ਸੁਰਜੀਤ ਕਲਸੀ ਨੂੰ ਔਰਤ ਸ਼ਾਇਰਾ ਦੀ ਦ੍ਰਿਸ਼ਟੀ ਤੋਂ ਪੜ੍ਹਨਾ ਜ਼ਿਆਦਾ ਸਾਰਥਕ ਹੋਵੇਗਾ। ਕਿਉਂ ਦਾ ਜਵਾਬ ਉਹਦੀ ਰਚਨਾ ਉਹਦੀ ਕਵਿਤਾ ਦਾ ਸਹਿਜ ਪ੍ਰਗਟਾ ਹੀ ਉਹਦੀ ਔਰਤ-ਦ੍ਰਿਸ਼ਟੀ ਦਾ ਪ੍ਰਤੀਕ ਹੈ। ਇਸ ਪ੍ਰਸੰਗ ਵਿਚ ਉਹਦੀ ਪੁਸਤਕ 'ਪੌਣਾਂ ਨਾਲ ਗੁਫ਼ਤਗੂ' ਦਾ ਤੀਜਾ ਖੰਡ ਵੇਖਣਾ ਬਣਦਾ ਹੈ ਜਿਸ ਵਿਚ ਉਹਦੀਆਂ ਕਵਿਤਾਵਾਂ ਦਹਿਲੀਜ਼-ਇਕਮ, ਦੂਜ, ਤੀਜ ਤੇ ਚੌਥ ਸ਼ਾਮਿਲ ਹਨ। ਇਹ ਦੋ ਹੋਂਦਾਂ ਦਾ, ਦੋ ਧਿਰਤੀਆਂ ਦਾ ਸੰਵਾਦ ਹੈ।

ਅਨੇਕਾਂ ਹੱਥ ਤੇਰੇ ਜ਼ਿਹਨ ਵਿਚ ਜੜੇ ਹੋਏ
ਇਕ ਇਕ ਉਧੜ ਕੇ ਮੇਰੇ ਜ਼ਿਹਨ ਦੀ
ਹੱਦ ਵਿਚ ਦਾਖ਼ਲ ਹੁੰਦਾ
ਮੇਰੇ ਤੰਤੂਆਂ ਨਾਲ ਕਰੰਟ ਵਾਂਗ ਜੁੜਦਾ
ਉਸ ਨੂੰ ਹਰ ਵਾਰ ਪੁੱਟ ਕੇ
ਤੇਰੀ ਰੇਖਾ ਦੇ ਪਾਰ ਸੁੱਟ ਦੇਂਦਾ
ਤੇ ਸੋਚਾਂ ਦੇ ਤੰਤੂ ਨਾਲ ਘਸੀਟੇ ਜਾਂਦੇ
ਰੇਖਾਵਾਂ ਸਮਾਨੰਤਰ ਹੋ ਜਾਂਦੀਆਂ
ਭਟਕਦੀਆਂ ਵਲ ਖਾਂਦੀਆਂ
ਟਕਰਾਂਦੀਆਂ ਪਰ ਫਿਰ
ਸਮਾਨੰਤਰ ਹੋ ਜਾਂਦੀਆਂ
ਪਾਟ ਜਾਂਦੀਆਂ ਵਿਛੜ ਜਾਂਦੀਆਂ
ਦੂਰ ਦੂਰ ਤਕ ਵਿਛੜਦੀਆਂ ਹੀ ਚਲੀਆਂ ਜਾਂਦੀਆਂ
ਆਪਣੀ ਆਪਣੀ ਦਹਿਲੀਜ਼ ਦੀ ਕੈਦ ਵਿਚ ਬੰਦ
ਦੋ ਸਮਾਨੰਤਰ ਰੇਖਾਵਾਂ ਵਾਂਗ
ਚੁਪ ਚਾਪ ਅਸੀਂ ਨਾਲੋ ਨਾਲ ਚਲ ਰਹੇ।

ਇਕ ਦੂਜੇ ਦੀ ਹੋਂਦ ਨੂੰ
ਨੇੜੇ ਨੇੜੇ ਮਹਿਸੂਸਦਿਆਂ ਵੀ
ਬਿਨਾਂ ਤੱਕਿਆਂ ਜਦੋਂ
ਇਕ ਦੂਜੇ ਨੂੰ ਲੰਘ ਜਾਈਏ
ਨਾ ਅੱਖਾਂ ਵਿਚ ਰੋਸ
ਨਾ ਗਿਲ੍ਹਾ ਜ਼ੁਬਾਨ ਉਤੇ
ਨਾ ਹੀ ਕੋਈ ਸ਼ਿਕਨ ਚਿਹਰੇ 'ਤੇ
ਧੱਸ ਆਪਣੀ ਆਪਣੀ ਸਿੱਪੀ ਵਿਚ
ਸਿਰ ਨਿਵਾ ਮੋਨ-ਤਿਆਗੀ ਜਿਹੇ
ਪਤਾ ਨਹੀਂ ਕਿਸ ਅਰਾਧਨਾ ਵਿਚ
ਲੀਨ ਹੋ ਜਾਂਦੇ ਹਾਂ
ਇਕ ਦੂਜੇ ਦੀ ਹੋਂਦ ਲੰਘ ਜਾਂਦੇ ਹਾਂ
(ਇਕ ਦੂਜੇ ਦੀ ਹੋਂਦ ਤੋਂ ਪਾਰ)

ਇਸੇ ਖੰਡ ਦੀ ਕਵਿਤਾ 'ਅੰਤਰਪਾਟ ਤੱਕ ਪਿਆਸੀ' ਮਿੱਥ ਨੂੰ ਨਵੇਂ ਅਰਥਾਂ ਵਿੱਚ ਮੁੜ ਸਿਰਜਣ [RECREATE] ਕਾਰਨ ਸੁਰਜੀਤ ਕਲਸੀ ਦੀ ਕਵਿਤਾ ਦਾ ਮੁਹਾਵਰਾ ਬਦਲਕੇ ਉਭਰਦੀ ਹੈ। ਉਹ ਸ੍ਰਿਸ਼ਟੀ ਦੀ ਇਤਿਹਾਸਕ ਸਿਮਰਤੀ ਦੇ ਆਧਾਰ ਤੇ ਹੋਂਦ ਨੂੰ ਲੈ ਕੇ ਆਪਣੇ ਸਿਧਾਂਤ ਨੂੰ ਅੰਤਰੀ-ਸੰਵੇਦਨਾ ਦੇ ਪੱਧਰ ਤੇ ਰੱਖਕੇ ਵਿਚਰਦੀ ਹੈ। ਮਿੱਥ ਦੀ ਚੇਤਨ ਪੱਧਰ ਤੇ ਨਵ ਸਿਰਜਣਾ ਫੈਲਸੂਫ ਕਵੀ ਦਾ ਗੁਣ ਹੈ। ਸੁਰਜੀਤ ਕਲਸੀ ਦੀਆਂ ਕਵਿਤਾਵਾਂ ਵਿਚ ਕਲਾਤਮਕ ਰੂਪ-ਸੰਗਠਨ ਵਿਚ ਇਹ ਗੁਣ ਕਈ ਵਾਰ ਪ੍ਰਗਟ ਹੋਇਆ ਹੈ। ਹਰ ਪ੍ਰਯੋਗ ਦਾ ਆਧਾਰ ਮੂਲ ਰੂਪ ਵਿਚ ਕਲਪਨਾ ਵਿਚ ਹੀ ਪਨਪਦਾ ਹੈ। ਵਸਤੂਗਤ ਰੂਪ ਤਾਂ ਪਿਛਲੇਰੀ ਹੋਂਦ ਹੈ। ਇੰਜ ਤਰਕ ਆਪਣੀ ਆਦਿ ਅਵਸਥਾ ਵਿਚ ਮਿਥਕ-ਤਰਕ ਹੀ ਹੈ:

ਤੂੰ ਆਦਮ ਹੋਵੇਂ
ਮੈਂ ਉਹੀ ਹੱਵਾ ਤੇਰੀ
ਹਰੀਆਂ ਬਲੌਰੀ ਅੱਖੀਆਂ ਵਾਲਾ
ਉਹੀ ਲਿਸ਼ਕਦਾ ਚਿੱਤਕਬਰਾ ਸਰਪ
ਸ਼ਾਖ਼ ਤੋਂ ਸ਼ਾਖ਼ ਡਾਲ ਤੋਂ ਡਾਲ
ਸਰਕਦਾ ਤਿਲਕ ਰਿਹਾ ਹੋਵੇ
ਮਹਿਕ ਮੇਰੇ ਬਦਨ ਦੀ
ਫਿਰ ਚੋਰੀ ਕਰ ਰਿਹਾ ਹੋਵੇ
ਤੇਰੇ ਮੇਰੇ ਸਾਕ ਉਤੇ
ਪੇਵਜਰ ਸੜ ਰਿਹਾ ਹੋਵੇ
ਇਕ ਦੂਜੇ ਦੀਆਂ ਨਜ਼ਰਾਂ ਵਿਚ
ਸਾਨੂੰ ਸੁੱਟਣ ਦੀਆਂ ਸਾਜ਼ਿਸ਼ਾਂ ਘੜ ਰਿਹਾ ਹੋਵੇ!
ਇਸ ਵਾਰ ਉਸਦਾ ਜੂਠਾ
ਸੇਬ ਨਹੀਂ ਮੈਂ ਖਾਣਾ
ਨਾ ਹੀ ਤੈਨੂੰ ਖਾਣ ਲਈ ਉਕਸਾਣਾ
ਇਸ ਵਾਰ ਤਾਂ ਬਸ
ਅੱਖ ਉਸ ਨੂੰ ਚਲਾਉਣ ਨਹੀਂ ਹੈ ਦੇਣੀ
ਤਿੱਖੇ ਤੀਰ ਨਾਲ ਹੈ ਵਿੰਨ੍ਹ ਦੇਣੀ
ਉਸਦੀ ਸ਼ੈਤਾਨ ਮਣੀ

ਜੇਠਾ ਫਲ ਸ੍ਰਿਸ਼ਟੀ ਦਾ

ਪ੍ਰਥਮ ਆਦਮ ਨੇ ਚੱਖਣਾ ਹੈ
ਆਦਮ : ਦਿਮਾਗ ਹੈ ਕਾਇਨਾਤ ਦਾ
ਸਾਗਰ ਹੈ ਕਦਰ ਦਾ
ਹੱਵਾ ਦੇ ਮੱਥੇ ਉੱਕਰਿਆ
ਸਰਾਪ ਤਾਂ ਉਹ ਪੂੰਝ ਦੇਵੇਗਾ
ਅੰਤਰ ਘਟ ਦੀ ਪਿਆਸ ਦਾ
ਤ੍ਰੇਹ-ਸ਼ਿਗਾਰ ਫਿਰ ਆਪ ਭਰੇਗਾ
ਕਾਇਆ ਕਲਪਿਤ ਇਹ ਸੰਕਲਪ
ਜਦ ਆਦਮ ਦੇ ਦਿਮਾਗ-ਗਰਭ ਵਿਚ
ਅੰਕੁਰ ਬਣ ਨਵ ਜਨਮ ਲਏਗਾ।
(ਅੰਤਰ ਘਟ ਤੱਕ ਪਿਆਸੀ)

ਔਰਤ ਦੀ ਪਰਿਭਾਸ਼ਾ ਲਈ ਉਸ ਕੋਲ ਤਰਸ, ਤਰਲਾ, ਹਮਦਰਦੀ, 'ਮਰ ਗਈ ਲੁੱਟੀ ਗਈ' ਵਾਲੀ ਰਟ ਨਹੀਂ ਸਗੋਂ ਇਸ ਪਰਿਭਾਸ਼ਾ ਲਈ ਉਹ ਆਪਣਾ ਵਿਲੱਖਣ ਮੁਹਾਵਰਾ ਸਿਰਜਦੀ ਹੈ:

ਜੁੱਗਾਂ ਤੋਂ ਲੱਭਦੀ ਰਹੀ
ਆਪਣਾ ਚਿਹਰਾ
ਆਪਣਾ ਜ਼ਿਹਨ
ਆਪਣੀ ਸ਼ਨਾਖ਼ਤ

ਗਵਾਚਾ ਚਿਹਰਾ ਅੱਜ ਉਸ
ਲੱਭ ਲਿਆ ਹੈ
ਖ਼ਾਲੀ ਧੌਣ ਤੇ ਰੱਖ ਲਿਆ ਹੈ
ਇਸ ਵਿਚ ਅਸਚਰਜ ਕਿਹਾ ?
ਸ਼ਨਾਖ਼ਤ ਆਪਣੀ ਕਰਕੇ ਆਪੇ ਜੇ
ਜ਼ਿਹਨ ਵੀ ਉਸ ਲੱਭ ਲਿਆ ਹੈ !

ਉਹ ਇਹ ਤਾਂ ਚਿਹਰੇ ਦਾ ਜੁੱਗ ਨਹੀਂ !
ਧਰਤ ਦੀ ਧੌਲੀ ਧੌਲਦੀ
ਹਰ ਮਰਦਾਵੀਂ ਸੋਚ
ਔਰਤ ਦਾ ਧੜ ਤੁਰਦੀ ਹੈ। (ਬਿਨ-ਚਿਹਰੀ)

ਇੰਜ ਔਰਤ ਮਰਦ ਦੀ ਦਵੈਤ ਨੂੰ ਮਾਨਵੀ ਸਾਂਝ ਦੇ ਆਧਾਰ ਤੇ ਅਦਵੈਤੀ ਪ੍ਰਕਿਰਿਆ ਵਿਚ ਚਿਤਰਣ ਦਾ ਜਤਨ ਕੀਤਾ ਗਿਆ ਹੈ।

ਸੁਰਜੀਤ ਕਲਸੀ ਦੀ ਮਾਨਸਿਕਤਾ ਦਾ ਇਕ ਪਖ ਘਰ-ਵੈਰਾਗ ਵੀ ਹੈ। ਇਨ੍ਹਾਂ ਕਵਿਤਾਵਾਂ ਦਾ ਘਰੁਤਾ ਸਬੰਧ ਪ੍ਰਵਾਸੀ ਜੀਵਨ ਦੀ ਵਸਤੂ-ਸਥਿਤੀ ਨਾਲ ਹੈ, ਪਰ ਇਸ ਸਥਿਤੀ ਦੇ ਰੂਬਰੂ ਹੋਣ ਵਾਲੇ ਸਿਧਾਰਥ ਦੀ ਮਾਨਸਿਕਤਾ ਵੀ ਇਸ ਵਿਚ ਸ਼ਾਮਲ ਹੈ। ਏਥੇ ਵੀ ਸੁਰਜੀਤ ਕਲਸੀ ਮਿੱਥ ਦਾ ਨਵਾਂ ਅਰਥ ਸਿਰਜਦੀ ਹੈ:

ਨੋਟ-ਪਤਰਾਂ ਦੀ ਠੰਡੀ ਛਾਂ ਹੇਠ ਤਪ ਕਰਕੇ
ਭਾਵ ਰੋਹਤ ਮਸ਼ੀਨ ਦਾ ਇਕ ਪੁਰਜ਼ਾ ਬਣਕੇ
ਮੈਂ ਸਿਧਾਰਥ ਤੋਂ ਬੁੱਧ ਬਣ ਗਿਆ ਹਾਂ। (ਫਿਰ ਤੁਰਿਆ ਸਿਧਾਰਥ....)

ਘਰ-ਵੈਰਾਗ ਦੇ ਪ੍ਰਸੰਗ ਵਿਚ 'ਅਸੀਂ ਪ੍ਰਵਾਸੀ-ਪੰਛੀ' ਪ੍ਰਵਾਸੀ ਦੀ ਮਾਨਸਿਕ ਵੇਦਨਾ ਦੀ ਅਨੁਭਵੀ ਪੇਸ਼ਕਾਰੀ ਹੈ। ਪਰ ਅਜੇਹੀਆਂ ਕਵਿਤਾਵਾਂ ਵਿਚ ਸ਼ਾਇਰੀ ਕਿਤੇ ਕਿਤੇ ਅਤਿ ਭਾਵੁਕ ਅਤੇ ਪਰੋਜ਼ੇਕ ਵੀ ਹੋ ਗਈ ਹੈ। ਸ਼ਾਇਦ ਪ੍ਰਵਾਸੀ ਜੀਵਨ ਦੇ ਰੁਖੇਵੇਂ ਲਈ ਅਜੇਹਾ ਕਾਵਿ-ਵਿਹਾਰ ਹੀ ਲੋੜੀਂਦਾ ਸੀ। ਸੁਰਜੀਤ ਦੀ ਕਵਿਤਾ ਦੀ ਸਿਰੰਤਰ ਪ੍ਰਕਿਰਿਆ ਲਈ ਉਹਦੇ ਕੋਲਾਜ ਵੀ ਅੱਖੋਂ-ਪਰੋਖੇ ਨਹੀਂ ਕੀਤੇ ਜਾ ਸਕਦੇ। 'ਇਕੋ ਹਸ਼ਰ' ਕਵਿਤਾ ਆਪਣੇ ਦ੍ਰਿਸ਼ਮਈ ਪ੍ਰਭਾਵ ਕਾਰਨ ਕਾਵਿ-ਪ੍ਰਭਾਵ ਪੱਖੋਂ ਪੜ੍ਹਨਜੋਗ ਹੈ।

ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ ਦੀ ਧਾਰਾ ਵਿਚ ਸੁਖਿੰਦਰ ਦਾ ਕਾਵਿ-ਸੰਗ੍ਰਹਿ 'ਲੱਕੜ ਦੀਆਂ ਮੱਛੀਆਂ' ਇਕ ਪ੍ਰਾਪਤੀ ਦੇ ਤੌਰ ਤੇ ਵਰਨਣਯੋਗ ਹੈ। ਲੱਕੜ ਦੀਆਂ ਮੱਛੀਆਂ ਨੂੰ ਅਸੀਂ ਸੁਖਿੰਦਰ ਦੀ ਕਵਿਤਾ

ਵਿਚਲੇ ਵਿਆਪਕ ਪ੍ਰਤੀਕ [EXTENDED METAPHOR] ਵਜੋਂ ਵੇਖ ਸਕਦੇ ਹਾਂ। ਪੱਛਮੀ ਦੁਨੀਆਂ ਦੀ ਪਦਾਰਥਕ ਭਰਪੂਰਤਾ ਵਿਚ 'ਲੱਕੜ ਦੀ ਮੱਛੀ' ਦਾ ਬਿੰਬ ਇਸ ਮਕਾਨਕੀ-ਪ੍ਰਬੰਧ ਵਿਚਲੀ ਸੰਵੇਦਨਾ ਦਾ ਚਿੰਨ ਹੈ। ਅਜੋਕੀ ਸੋਚਸਮਝ ਮਾਨਵੀ ਸੋਚ ਦੀ ਭਰਪੂਰ ਜਟਲਤਾ ਵਿਚ ਇਹ ਆਪਣੀ ਹੋਂਦ ਬਾਰੇ ਬੇਕਰਾਰ ਮਾਨਵੀ ਆਪੇ ਦਾ ਪ੍ਰਤੀਕ ਵੀ ਹੈ।

ਸੁਖਿੰਦਰ ਨੇ ਅਜੋਕੇ ਸਭਿਆਕ ਮਾਨਵ ਦੀ ਦੋਹਰੀ ਵਾਲੇ ਮਨੋਵਿਗਾਰ ਨੂੰ ਬਾਖੂਬੀ ਨਾਲ ਚਿਤਰਿਆ ਹੈ। ਇਕ ਪਾਸੇ ਹੱਸਾਸ ਮਨ ਵਾਲਾ ਕਲਾਵਾਨ ਮਨੁੱਖ ਹੈ, ਪਰ ਦੂਜੇ ਪਾਸੇ ਘੋੜਿਆਂ ਦੀ 'ਵਪਾਰੀ' ਸਭਿਆਕ ਦੁਨੀਆਂ! ਕਲਾਵਾਨ ਮਨੁੱਖ ਸੋਚ ਦੀ ਪੱਧਰ ਤੇ ਬਾਗੀ ਹੈ, ਵਪਾਰੀ ਸਾਹਮਣੇ ਨਿਮਾਣਾ; ਪਰ ਕਾਵਿ-ਸਥਿਤੀ ਦੇ ਸਨਮੁੱਖ ਵਪਾਰੀ ਦੇ ਮੁਕਾਬਲੇ ਹੱਸਾਸ ਮਾਨਵੀ ਸੰਵੇਦਨਾ ਦੀ ਚੜ੍ਹਤ ਪ੍ਰਤੱਖ ਹੈ:

ਤੁਹਾਡਾ ਮਨ, ਕਿਸ ਘੋੜੇ ਤੇ ਅਟਕਦਾ ਹੈ
ਮਸਲਨ; ਚਿੱਟਾ ਜਾਂ ਕਾਲਾ
ਲਾਲ ਜਾਂ ਨੀਲਾ
ਤੁਸੀਂ ਕੋਈ ਵੀ ਰੰਗ ਚੁਣ ਲਵੋ!

ਪਰ ਅਚਾਨਕ ਉਸ ਦੇ ਹੋਠ ਕੰਬਣ ਲੱਗੇ
ਕਿਸੇ ਵਿਸਫੋਟ ਵਾਂਗ
ਉਹ ਪੂਰੇ ਜ਼ੋਰ ਨਾਲ ਚੀਕਿਆ
ਨਹੀਂ! ਨਹੀਂ!! ਨਹੀਂ!!!

ਉਹਨੇ ਤਾਂ ਸੋਚਿਆ ਸੀ—
ਉਹ ਬੂਹੇ ਤੇ ਹੀ ਲਿਖ ਦੇਵੇਗਾ
ਕਿ ਘੋੜੇ ਵਿਕਾਊ ਨਹੀਂ ਹਨ! (ਘੋੜਿਆਂ ਦੇ ਵਪਾਰੀ)

ਜਦੋਂ ਕੋਈ ਵੀ ਤਰੀਕਾਕਾਰ ਆਪਣੀ ਹਰਮਸੀਮਾਂ ਨੂੰ ਛੋਹ ਲੈਂਦਾ ਹੈ ਤਾਂ ਫਿਰ ਆਦਿਮ ਹੋਂਦ ਲਈ ਮਾਨਸ ਦੀ ਅਭਿਲਾਸ਼ਾ ਜਾਗਦੀ ਹੈ। ਸ਼ਾਇਦ ਇਹ ਦਾਇਰੇ ਦਾ ਪੂਰਾ ਹੋਣ ਦਾ ਕਰਮ ਹੈ। ਵਿਅਕਤੀ ਨੂੰ ਆਪਣਾ ਸਬੂਤ ਆਪਾ 'ਭਰਮ' ਲੱਗਦਾ ਹੈ ਪਰ ਇਸ ਦੇ ਨਾਲ ਉਹ ਨਾਲ ਉਹ ਸੱਭਿਜ ਵੀ ਹੈ। ਫਿਰ 'ਆਦਿਵਾਸੀ' ਕਿਵੇਂ ਬਣੇ? ਆਧੁਨਿਕ ਸੱਭਿਆ ਮਨੁੱਖ ਦੀ ਇਹ ਦੁਵੱਲੀ ਸੋਚ ਹੀ ਉਹਦੀ ਤ੍ਰਾਸਦੀ ਹੈ। ਪਰ ਸੱਭਿਜ ਕੀ ਹੈ:

ਕੁੱਤੇ ਦੇ ਵਾਂਗ ਪੂਛ ਹਿਲਾਣੀ
ਡੱਡੂਆਂ ਦੇ ਵਾਂਗ ਟਰ ਟਰ
ਤੇ ਭੇਡਾਂ ਦੇ ਵਾਂਗ ਮੈਂ ਮੈਂ ਕਰਨਾ
(ਨਿਰਵਸਤਰ ਜਿਹੀ ਹੋਂਦ)

ਆਧੁਨਿਕ ਮਨੁੱਖ ਦੀ ਇਹ ਤ੍ਰਿਸ਼ੰਕੂ ਅਵਸਥਾ ਹੈ:

ਕਿਉਂਕਿ ਮੇਰੀ ਇਕ ਲੱਤ
ਮਛਲੀ ਦੇ ਮੂੰਹ ਵਿਚ ਹੈ
ਦੂਜੀ ਕਿਸੇ ਤੇਂਦੂਏ ਦੇ ਹੱਥ
ਨਾ ਮੈਂ ਪਾਣੀ ਦੇ ਵਿਚ ਡੁੱਬ ਸਕਾਂਗਾ
ਨਾ ਧਰਤੀ ਤੋਂ ਪੈਰ ਉਠਣਗੇ।
(ਪੁਨਰ-ਜਨਮ)

ਆਧੁਨਿਕ ਮਾਨਸਿਕਤਾ ਜਦ ਇਕੱਲ ਤੱਕ ਸੀਮਤ ਹੋ ਗਈ ਹੈ। ਸਮਕਾਲੀ ਕੀਮਤਾਂ ਵੱਡੇ ਮਾਨਵੀ ਸੱਚ ਸਾਹਵੇਂ ਟੁੱਟ ਗਈਆਂ ਹਨ। ਪਰ ਸਮਾਜੀ ਕੀਮਤਾਂ ਨੂੰ ਰਾਤੋਰਾਤ ਲਾਹੁਣਾ, ਇਸ ਕੱਲੇਕਾਰੀ ਭਾਵਨਾ ਵਾਲੇ ਮਨੁੱਖ ਦੇ ਵੱਸ ਦਾ ਰੋਗ ਨਹੀਂ। ਇਸ ਸਥਿਤੀ ਵਿਚ ਕਾਵਿ-ਕਥਨ ਦਾ ਇਕ ਪ੍ਰਗਟਾਉ ਕਨਫੈਸ਼ਨ ਵੀ ਹੈ। ਕਨਫੈਸ਼ਨ ਵਿਅੰਗ ਦੇ ਰੂਪ ਵਿਚ ਵਿਰੋਧਾਭਾਸ ਬਣਕੇ ਉਲਟਭਾਵੀ ਵੀ ਹੋ ਸਕਦਾ ਹੈ, ਇਸ ਨਾਲ ਰੋਹ ਪ੍ਰਗਟਾਇਆ ਜਾ ਸਕਦਾ ਹੈ ਪਰ ਇਸ ਤਰਾਂ ਇਕ ਤਰਹਿ ਨਿਰੋਲ ਬੇਵਸੀ ਦੀ ਹੈ:

ਕਮਰੇ ਦੇ ਵਿਚ
ਬਰਫ਼ ਪਈ ਹੈ
ਤੇ ਬਾਹਰ ਵੀ
ਬਾਹਰ ਦੀ ਸਰਦੀ

ਤੇ ਡਰਦੇ
ਹੌਲੀ ਹੌਲੀ
ਖਿੜਕੀ ਬੰਦ ਕਰਦੇ ਹਾਂ
ਪਰ ਜਦ
ਦਮ ਘੁਟਦਾ ਹੈ
ਮੁੜ ਖਿੜਕੀ ਵਲ ਨਸਦੇ ਹਾਂ
ਨ ਬੰਦ ਖਿੜਕੀ ਵਿਚ ਹੀ
ਹੁਣ ਆਪਣਾ ਘਰ ਹੈ
ਤੇ ਨ ਖਿੜਕੀ ਤੋਂ ਬਾਹਰ।
(ਅਸੀਂ ਦਰਸ਼ਕ ਹਾਂ)

ਇਸ ਕਵਿਤਾ ਦੇ ਰੂਪ-ਸੰਗਠਨ ਵਿਚ ਵਾਕ-ਰਚਨਾ ਐਸੀ ਹੈ ਕਿ ਵਾਕ ਗਤੀ ਵਿਚ ਕਿਤੇ ਵੀ ਪਲਟਾਉ ਦੀ ਜੁਗਤ ਨਹੀਂ ਅਪਣਾਉਂਦੀ। ਨਾ ਹੀ ਕੱਥ ਦੇ ਪੱਧਰ ਤੇ ਇਸ ਵਿਚ ਕੋਈ ਅੜਕ [RUPTURE] ਹੈ। ਨਤੀਜੇ ਵਜੋਂ ਇਹ ਆਪਣੇ ਆਪ ਨਾਲ ਸੰਬਧਤੀ ਮੂਲਕ ਤਣਾਉ ਕਿਸੇ ਬਾਹਰੀ ਜਾਂ ਦੂਜੀ ਧਿਰ ਦੇ ਰੂਬਰੂ ਨਹੀਂ ਹੁੰਦਾ। ਇੰਜ ਇਹ ਮਾਨਸਿਕ ਵਿਸ਼ਮਈ ਗਤੀ ਆਪਣੇ ਹੀ ਇਕੱਲਵੰਜੇ ਦਾਇਰੇ ਤੀਕ ਸੀਮਿਤ ਹੋ ਜਾਂਦੀ ਹੈ। ਉਪਰੋਕਤ ਕਵਿਤਾ ਕਵੀ ਮਨੋਦਸ਼ਾ ਦਾ ਬਿੰਬ ਬਣਨ ਦੀ ਸਮਰਥਾ ਪ੍ਰਾਪਤ ਕਰਦਾ ਹੈ। ਘੋੜੇ ਦਾ ਪ੍ਰਤੀਕ ਸੁਖਿੰਦਰ ਦੀ ਕਵਿਤਾ ਵਿਚ ਬਾਰ ਬਾਰ ਆਉਂਦਾ ਹੈ। ਇਹ ਘੋੜਾ 'ਸਰਪਟ ਦੌੜਦਾ ਹੈ,' ਉਹਦੇ ਖੁਰਾਂ'ਚੋਂ 'ਚੰਗਾੜੀਆਂ' ਨਿਕਲਦੀਆਂ ਹਨ। ਮੈਂ ਇਸ ਨੂੰ ਆਧੁਨਿਕ ਮਨੁੱਖ ਦੀ ਨਿਪਟ ਮਕਾਨਕੀ ਜ਼ਿੰਦਗੀ ਤੋਂ ਛਟਪਟਾਹਟ ਦਾ ਪ੍ਰਤੀਕ ਸਮਝਿਆ ਹੈ। ਇਹ ਛਟਪਟਾਹਟ ਤੇਜ਼ ਗਤੀ ਦੇ ਵਿਚ ਦਮ ਜਾਣ ਕਾਰਨ ਵੀ ਹੋ ਸਕਦੀ ਹੈ। ਪਰ ਗਤੀ ਹੈ ਜ਼ਰੂਰ ਕਿਤੇ। ਏਸੇ ਲਈ ਕਦੇ ਕਵੀ-ਮਨ 'ਸਮੁੰਦਰ' ਹੁੰਦਾ ਹੈ ਕਦੇ 'ਕਤਰਾ'। ਇਥੇ ਅਰਥ ਸਾਮਗਰੀ ਨੁਕਤੇ ਤੋਂ ਵਿਚਾਰਿਆਂ ਵੀ ਗੱਲ ਸਮਝ ਆਉਂਦੀ ਹੈ, ਸੱਭਿਅ ਜੀਵਨ ਦੀ ਸਿਖਰ ਸੀਮਾ ਵਜੋਂ ਜਦੋਂ ਕਾਵਿ-ਕਥਨ ਆਦਿਵਾਸੀ ਬਣਨਾ ਲੋੜਦਾ ਹੈ, ਤਾਂ ਆਦਿਵਾਸੀ ਭਰਮਣ ਨਾਲ ਘੋੜੇ ਦਾ ਚਿੰਨ੍ਹ ਹੋਰ ਵੀ ਸਾਰਥਕ ਹੋ ਜਾਂਦਾ ਹੈ। ਇਥੇ ਆਦਿ-ਵਾਸੀ ਮਨ ਪ੍ਰਕਿਰਤਕ ਨੰਗੇਜ ਦਾ ਪ੍ਰਤੀਕ ਹੈ, ਉਥੇ ਘੋੜਾ ਇਸ ਮਨ ਦੀ ਜ਼ੋਰਜ਼ਾਹਿਰ ਦਾ ਚਿੰਨ੍ਹ ਹੈ [ਵੇਖੋ 'ਸਮੁੰਦਰ ਤੇ ਕਤਰਾ' ਸਫਾ 36; 'ਆਦਿਵਾਸੀ' ਸਫਾ 48] ਮਛਲੀ ਇਕ ਹੋਰ ਪ੍ਰਤੀਕ ਹੈ, ਜੋ 'ਲੱਕੜ ਦੀਆਂ ਮੱਛੀਆਂ' ਵਿਚ ਅਕਸਰ ਪ੍ਰਗਟ ਹੁੰਦਾ ਹੈ। ਮਛਲੀ ਤੇ ਬੂੰਦ ਦਾ ਰਿਸ਼ਤਾ ਸੁਖਿੰਦਰ ਦੀ ਕਾਵਿ-ਸੰਵੇਦਨਾਂ ਦਾ ਕੇਂਦਰ ਬਿੰਦੂ ਹੈ। ਇਸ ਪ੍ਰਸੰਗ ਵਿਚ 'ਅਲਵਿਦਾ' ਕਵਿਤਾ ਪੜ੍ਹਨ ਨਾਲ ਹੀ ਸਬੰਧ ਰੱਖਦੀ ਹੈ:

ਤਪਦੇ ਥਲਾਂ 'ਚ ਜਦ ਵੀ
ਕਿਸੇ ਮਛਲੀ ਨੂੰ ਸਹਿਕਦੇ ਵੇਖਿਆ
ਉਹ ਪਾਣੀ ਦੀ ਬੂੰਦ ਬਣ ਗਿਆ
(ਅਲਵਿਦਾ)

ਜਾਂ

ਪਰ ਪਰਭਾਤ ਹੁੰਦਿਆਂ ਹੀ
ਉਹ ਮਗਰਮੱਛਾਂ ਦੀ ਪੈੜ ਕੱਢਣ
ਅਤੇ ਤ੍ਰਿਹਾਈਆਂ ਮੱਛੀਆਂ ਦੀ
ਤਲਾਸ਼ ਵਿਚ ਨਿਕਲ ਜਾਂਦਾ ਹੈ
ਅਤੇ, ਤਪਦੇ ਥਲਾਂ 'ਚ
ਸਹਿਕਦੀਆਂ ਮਛਲੀਆਂ ਦੇ ਨਾਲ
ਆਪਣੇ ਅੰਤਾਂ ਦੇ ਮੋਹ ਸਦਕਾ
ਉਸਨੇ ਕਦੀ ਵੀ ਸ਼ਹਿਰ ਨੂੰ
ਅਲਵਿਦਾ ਨਹੀਂ ਆਖੀ
(ਅਲਵਿਦਾ)

ਸੁਖਿੰਦਰ ਦੇ ਕਾਵਿ-ਸਿਧਾਂਤ ਨੂੰ ਵੇਖਣ ਲਈ 'ਅਲਵਿਦਾ' ਕਵਿਤਾ ਪੜ੍ਹਨੀ ਹੀ ਬਣਦੀ ਹੈ। 'ਉਹ' ਲੂਛਦਾ ਤੜਪਦਾ ਵੀ ਉਸ ਸ਼ਹਿਰ ਵਿਚ ਘੁਲ ਮਿਲ ਗਿਆ ਹੈ, ਜਿਸਨੂੰ 'ਉਹਨੇ ਕਦੇ ਅਲਵਿਦਾ ਨਹੀਂ ਕਹਿਣੀ':

ਪਰ ਉਸਨੇ ਕਦੀ ਵੀ
ਸ਼ਹਿਰ ਨੂੰ ਅਲਵਿਦਾ ਨਹੀਂ ਆਖੀ
ਤੇ ਲੋਕਾਂ ਵੇਖਿਆ
ਉਸਨੂੰ ਸ਼ਹਿਰ 'ਚੋਂ

ਬਾਹਰ ਨਿਕਲਣ ਦੇ ਸਭ ਰਾਹ
ਭੁੱਲ ਗਏ ਸਨ
(ਅਲਵਿਦਾ)

'ਅੱਗ ਚੁਰਾਣ ਵਾਲੇ' ਕਵਿਤਾ ਵਿਚ ਇਹ ਕਵੀ ਵੀ ਮਿਥ ਨੂੰ ਨਵਾਂ ਅਰਥ ਪ੍ਰਦਾਨ ਕਰਦਾ ਹੈ। ਪਰ ਇਸ ਦਾ ਕਾਵਿ-ਕਰਜ ਬਿਲਕੁਲ ਵੱਖਰਾ ਹੈ। 'ਅੱਗ ਚੁਰਾਣ ਵਾਲੇ' ਕਵਿਤਾ ਵਿਚ ਪ੍ਰੋਮੀਥੀਅਸ ਦੀ ਦੇਵਤਿਆਂ ਦੀ ਅੱਗ ਚੁਰਾਉਣ ਦੀ ਗੱਲ ਨੂੰ ਲੈ ਕੇ ਸੁਝਾਊ ਢੰਗ ਨਾਲ ਉਹਨੇ ਅੱਗ ਚੁਰਾਉਣ ਵਾਲਿਆਂ ਦੀ ਮਾਨਸਿਕਤਾ ਨੂੰ ਚਿਤਰਕੇ ਉਪਰੋਕਤ ਮਿੱਥ ਦੇ ਸਮਾਨੰਤਰ ਇਕ ਪੈਰਾਡਾਇਮ ਸਿਰਜਿਆ ਹੈ। ਇਸ ਕਵਿਤਾ ਵਿਚ ਪ੍ਰੋਮੀਥੀਅਸ ਵਾਲੀ ਮਿੱਥ SYMBOLIC MEANING ਦੀ ਜੁਗਤ ਰਾਹੀਂ ਪ੍ਰਗਟ ਹੁੰਦੀ ਹੈ।

ਸਾਡੇ ਅਧਿਅਨ ਗੋਚਰਾ ਚੌਥਾ ਕਵੀ ਇਕਬਾਲ ਰਾਮੂਵਾਲੀਆ ਹੈ, ਇਕਬਾਲ ਰਾਮੂਵਾਲੀਆ ਦਾ ਕਾਵਿ-ਮੁਹਾਵਰਾ ਨਵਪ੍ਰਗਤੀਵਾਦੀ ਕਵਿਤਾ ਦੀ ਧਾਰਾ ਦਾ ਹੀ ਅੰਗ ਹੈ। ਇਕਬਾਲ ਆਪਣੀ ਗੱਲ ਚਿਤਰਮਈ ਸ਼ੈਲੀ ਰਾਹੀਂ ਪੇਸ਼ ਕਰਦਾ ਹੈ। ਬੇਸ਼ਕ ਕਿਤੇ ਕਿਤੇ ਤਾਂ ਉਹ ਅਤਿ ਤੀਬਰ ਸੰਵੇਦਨਾ ਵਾਲੇ ਹਨ:

ਪੈਰਾਂ 'ਚ ਫਟੀਆਂ ਮੀਲਾਂ ਚੌੜੀਆਂ ਬਿਆਈਆਂ ਦੀ ਦਲਦਲ
ਖੇਤਾਂ ਦੀ ਖੁਸ਼ਕੀ 'ਚ ਖਿਲਰਦੀ ਜਾਂਦੀ ਹੈ
(ਪੁਰਾਣੀ ਢਾਲ)

ਪਰ ਕਈ ਥਾਵੀਂ ਅਰਥ-ਸੰਚਾਰ ਪੱਖੋਂ ਨਿਰਾਰਥਕ ਹੈ, ਜਿਵੇਂ:

ਘਟੀਆ ਸਿਗਰਟਾਂ ਦੀ ਬਦਸੂਰਤ ਕੁੜੱਤਣ
(ਪੁਰਾਣੀ ਢਾਲ)
ਤੇ ਸਾਰੰਗੀ ਦੇ ਗਜ਼ 'ਚ ਛੁਪੀ ਬਲੇਡ ਦੀ ਨੁਕਰ
ਸਲਕਣੇ ਜਿਹੇ ਹੀ ਕੁਤਰ ਸਕਦੀ ਹੈ ਹੋਸ਼ ਦਾ ਖੀਸਾ!
ਕਿਤੇ ਮੈਂ ਉਹਨਾਂ ਛੁਰੀਆਂ ਲਈ ਰੋਟੀ ਹੀ ਨਾ ਬਣ ਜਾਵਾਂ
(ਨਗ਼ਮਾ ਕੋਈ ਹੋਰ ਨਾ)

ਇਹ ਸਾਰੇ ਦੇ ਸਾਰੇ ਚਿਤਰ ਸਥਿਤੀ ਚਿਤਰ ਹਨ ਅਤੇ ਬਹੁਤੇ ਤਾਂ ਵਸਤੂ-ਜਗਤ ਤੀਕ ਹੀ ਸੀਮਤ ਰਹਿੰਦੇ ਹਨ। ਇਸ ਤਰ੍ਹਾਂ ਇਹਨਾਂ ਵਿਚ ਕਈ ਵਾਰ ਮਨੋਭਾਵ ਜਗਾਉਣ ਦੀ ਸਮਰਥਾ ਬਾਹਰੀ ਤਸਵੀਰਕਸ਼ੀ ਦੀ ਤੀਬਰਤਾ ਕਾਰਨ ਲੁਪਤ ਰਹਿੰਦੀ ਹੈ। ਦੂਸਰੇ ਇਕ ਇਕੱਲੀ ਕਵਿਤਾ ਵਿਚ ਇਹ ਏਨੇ ਜ਼ਿਆਦਾ ਹਨ ਕਿ ਕਵਿਤਾ ਦਾ ਕੇਂਦਰ ਇਸ ਪ੍ਰਤੀਕ ਆਕਰਸ਼ਣ ਹੇਠਾਂ ਢਕਿਆ ਜਾਂਦਾ ਹੈ। ਜਾਪਦਾ ਹੈ ਇਕਬਾਲ ਆਪਣਾ ਪਹਿਲਾ ਕਰਤੱਵ ਤਸਵੀਰਾਂ ਬਣਾਉਣਾ ਸਮਝਦਾ ਹੈ।

ਇਕਬਾਲ ਦੀ ਸ਼ੈਲੀ ਚਿਤਰਮਈ ਤਾਂ ਹੈ ਹੀ, ਦੁਹਰਾਉਮੂਲਕ ਅਤੇ ਫੈਲਾਉਵਾਦੀ ਵੀ ਹੈ। ਉਹ ਜਿਸਮ ਦੇ ਇਕ ਅੰਗ ਦਾ ਚਿਤਰ ਦੇ ਕੇ ਸਾਰੇ ਸਰੀਰ ਦਾ ਪ੍ਰਭਾਵ ਨਹੀਂ ਦਰਸਾਉਂਦਾ, ਸਾਰੇ ਅੰਗਾਂ ਨੂੰ ਵਾਰੀ ਵਾਰੀ ਚਿਤਰਦਾ ਹੈ ਅਤੇ ਇਹ ਕਰਮ ਰਚਨਾ ਦੇ ਅੰਤ ਤੀਕ ਜਾਰੀ ਰਹਿੰਦਾ ਹੈ। ਸਾਫ਼ ਭਾਵ ਹੈ ਕਿ ਪਾਠਕ ਨੂੰ ਆਪ ਸੋਚਣ ਦਾ ਕੋਈ ਅਵਸਰ ਹੀ ਪ੍ਰਾਪਤ ਨਹੀਂ ਹੁੰਦਾ। ਸੰਬੋਧਨੀ ਸ਼ੈਲੀ ਦੀ ਮੂਲ ਵਿਸ਼ੇਸ਼ਤਾ ਹੈ ਕਿ ਉਹ ਆਪਣੀ ਅਪੀਲ ਬਣਾਈ ਰੱਖਣ ਲਈ ਸਰੋਤੇ ਸਾਹਵੇਂ ਚਿਤਰ ਪੇਸ਼ ਕਰਦੀ ਰਹਿੰਦੀ ਹੈ। ਪਰ ਪ੍ਰਤੀਕ ਸਿਰਜਣਾ ਕਾਵਿ-ਭਾਸ਼ਾ ਦਾ ਕੇਵਲ ਇਕ ਗੁਣ ਹੈ। ਚਿਤਰ ਦਾ ਮਹੱਤਵਪੂਰਣ ਗੁਣ ਪ੍ਰਭਾਵ ਹੈ ਜੋ ਇਸ ਸਜਾਵਟ ਦੀ ਚਿਕਨਾਹਟ ਨਾਲ ਥਿੰਦਾ ਤਾਂ ਹੁੰਦਾ ਹੈ, ਤਿੱਖੀ ਧਾਰ ਨਹੀਂ ਬਣਦਾ।

ਮਹਾਂਨਗਰ ਦੇ ਵਾਸੀ ਦੇ ਪ੍ਰਗਟਾਉ ਦਾ ਇਹ ਦੂਜਾ ਢੰਗ ਹੈ। ਪਹਿਲਾ ਢੰਗ ਵਿਅਕਤੀਗਤ ਸਵੈ-ਹੋਂਦ ਦੀ ਤਲਾਸ਼ ਹੈ। ਅਜਮੇਰ ਰੋਡੇ ਜਿਥੇ ਦੂਜੀ ਭਾਂਤ ਦੀ ਭਾਵਨਾ ਵਾਲਾ ਸ਼ਾਇਰ ਹੈ, ਇਕਬਾਲ ਰਾਮੂਵਾਲੀਆ ਪਹਿਲੀ ਸ਼੍ਰੇਣੀ ਵਿਚ ਆਉਂਦਾ ਹੈ।

ਇਕਬਾਲ ਦੀ ਕਵਿਤਾ ਬਾਰੇ ਇਕ ਹੋਰ ਨੁਕਤਾ ਉਠਾਉਣਾ ਬਣਦਾ ਹੈ। ਇਹ ਨੁਕਤਾ ਪੰਜਾਬੀ ਦੀ ਵਰਗ-ਮੁਖੀ ਕ੍ਰਾਂਤੀਕਾਰੀ ਕਵਿਤਾ ਨਾਲ ਵਿਸ਼ੇਸ਼ ਤੌਰ ਤੇ ਜੁੜਿਆ ਹੋਇਆ ਹੈ। ਬਹੁਤ ਵਾਰੀ ਇਸ ਕਵਿਤਾ ਵਿਚ ਅਜੇਹੀ ਪ੍ਰਤੀਕ-ਮਈ ਪੇਸ਼ਕਾਰੀ ਹੁੰਦੀ ਹੈ ਜੋ ਵਰਗ-ਵਿਸ਼ੇਸ਼ ਦੀ ਚੇਤਨਾ ਅਤੇ ਸੋਚ ਪੱਧਰ ਤੋਂ ਬਿਲਕੁਲ ਹਟਵੀਂ ਹੁੰਦੀ ਹੈ। ਸਗੋਂ ਸਾਡੇ ਸੰਬੋਧਨੀ ਸ਼ਾਇਰੀ ਨੂੰ ਸ੍ਰੋਤੇ ਦੀ ਵਰਗ ਸੂਝ ਪੱਧਰ ਤੇ ਰਹਿਣਾ ਬਣਦਾ ਹੈ। ਨਹੀਂ ਤਾਂ ਕੇਂਦਰ ਤੇ ਰੂਪ ਦੀ ਦਵੈਤ ਖੜੀ ਹੋ ਜਾਏਗੀ ਅਤੇ ਕਾਵਿ-ਰੂਪ ਆਪਣੀ ਸੰਰਚਨਾ ਦਾ ਇਕ ਰੂਪੀ ਪ੍ਰਭਾਵ ਗੁਆ ਲਏਗਾ। ਇਹ ਗੁਣ ਵਿਸ਼ੇਸ਼ ਰੂਪ ਵਿਚ ਇਕਬਾਲ ਦੀ 'ਨਿਖਤੁਮ' ਨਾਮੀ ਕਵਿਤਾ ਵਿਚ ਪ੍ਰਤੱਖ ਤੌਰ ਤੇ ਨਜ਼ਰ ਆਏਗੀ।

ਵਿਅਕਤੀ ਸਵੈ-ਪਰਕਾਸ਼ ਵਾਲੀ ਅਤੇ ਨਿਰੋਲ ਬਾਹਰਮੁਖੀ ਸੰਬੋਧਨੀ ਸ਼ਾਇਰੀ ਦੁਰਾਡੇ ਪੋਲਾਂ ਵਿਚਕਾਰ ਖੜ੍ਹੀ ਸ਼ਾਇਰੀ ਦਾ ਨਮੂਨਾ ਸੁਰਿੰਦਰ ਧੰਜਲ ਦੀ ਕਵਿਤਾ ਹੈ। ਉਹ ਦੋਹਾਂ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਵੇਖਣਾ ਆਪਣਾ ਕਥਨ ਪੇਸ਼ ਕਰਦਾ ਹੈ:

ਜੰਗਲ 'ਚ ਤੁਰਦਿਆਂ ਜਦੋਂ ਕੋਈ ਰਿੱਛ ਆਏਗਾ
ਤੇ ਦੋਸਤ ਮੇਰਾ ਦੌੜ
ਰੁੱਖ ਤੇ ਬੈਠ ਜਾਏਗਾ

ਤਾਂ ਮੈਂ ਏਸ ਤੋਂ ਪਹਿਲਾਂ
ਕਿ ਰਿੱਛ ਮੈਨੂੰ ਅਧਮੋਇਆ ਕਰੇ
ਤੇ ਮੇਰੀ ਹੋਂਦ
ਬੁਜ਼ਦਿਲ ਹੋਣ ਦੇ
ਇਲਜ਼ਾਮ ਦੀ ਪੀੜਾ ਸਹੇ;
ਮੈਂ ਦੋਸਤਾਂ ਤੇ ਦੁਸ਼ਮਣਾਂ
ਦੀ ਪਹਿਚਾਣ ਕਰਾਂਗਾ
ਰਿੱਛਾਂ ਤੇ ਮੌਸਮੀ-ਦੋਸਤਾਂ ਲਈ
ਜੋ ਕੁਝ ਸਰਿਆ, ਕਰਾਂਗਾ
ਫਿਰ ਦੁਸ਼ਮਣਾਂ ਲਈ ਜੀਆਂਗਾ
ਤੇ ਦੋਸਤਾਂ ਲਈ ਮਰਾਂਗਾ

ਤੇ ਜਦੋਂ ਵੀ
ਨਿਰਛਲ ਜੀਵਨ ਦਾ ਮਰਨ ਹੁੰਦਾ ਹੈ
ਪੁਰਾਣੀ ਕਥਾ 'ਚੋਂ
ਨਵੀਂ ਕਥਾ ਦਾ ਜਨਮ ਹੁੰਦਾ ਹੈ।
(ਪੁਰਾਣੀ ਕਥਾ- ਨਵੀਂ ਕਥਾ)

ਸੁਰਿੰਦਰ ਧੰਜਲ ਦੀ ਕਵਿਤਾ ਵੀ ਪ੍ਰਗਤੀਵਾਦੀ ਅਤੇ ਕ੍ਰਾਂਤੀਕਾਰੀ ਸੁਰ ਵਾਲੀ ਹੈ, ਪਰ ਇਹ ਸਹਿਜ ਅਤੇ ਘੱਟ ਮੂੰਹਬੋਲੀ ਹੈ। ਇਹੋ ਸੁਰਿੰਦਰ ਦੀ ਕਵਿਤਾ ਦੀ ਖ਼ੂਬੀ ਹੈ। ਉਹ ਲਾਊਡ ਗੱਲ ਨੂੰ ਜ਼ਿਆਦਾ ਜ਼ੋਰ ਨਾਲ ਪਰ ਹੌਲੀ ਸੁਰ 'ਚ ਕਹਿੰਦਾ ਹੈ। ਇੰਜ ਉਹ ਆਪਣੇ ਸੰਦੇਸ਼ ਦੇ ਪ੍ਰਭਾਵ ਨੂੰ ਜ਼ਿਆਦਾ ਤੀਖਣ ਕਰ ਲੈਂਦਾ ਹੈ।

ਸੁਰਿੰਦਰ ਧੰਜਲ ਦੀ ਕਵਿਤਾ 'ਫੱਕਰਾਂ ਦਾ ਕੋਈ ਨਾਂ ਨਹੀਂ ਹੁੰਦਾ' ਸੁਰਿੰਦਰ ਦੀ ਕਾਵਿ-ਸ਼ੈਲੀ ਦਾ ਮੁਹਾਂਦਰਾ ਵੇਖਣ ਲਈ ਉਹਦੀ ਪ੍ਰਤੀਨਿਧ ਕਵਿਤਾ ਜਾਪਦੀ ਹੈ। ਉਪਰੋਕਤ ਕਵਿਤਾ ਦੀ ਸੰਰਚਨਾ ਜਿੱਥੇ ਉਹਦੀ ਕਾਵਿ-ਭਾਸ਼ਾ ਦਾ ਪ੍ਰਕਾਰਜ [FUNCTION] ਦਰਸਾਉਂਦੀ ਹੈ ਉਥੇ ਉਹਦਾ ਵਿਅਕਤੀਗਤ ਮੁਹਾਂਦਰਾ ਘੜਨ ਦੀ ਸਮਰਥਾ ਵੀ ਰੱਖਦੀ ਹੈ:

ਕਿਸ ਗੁਰੂ ਦਾ ਸਿੱਖ ਹਾਂ ਮੈਂ? ਸਾਊ ਮੇਰਾ ਕੀ ਲਗਦਾ ਹੈ??
ਧੁੰਧ ਦੇ ਗਿਆਨ-ਬੋਹੜ ਤੋਂ ਡਿੱਗੇ ਪੱਤਿਆਂ 'ਚੋਂ
ਕਿੰਨਿਆਂ ਕੁ 'ਚ ਮੇਰੇ ਖੜਣ ਲਈ ਭੰਧੀਰੀ ਬਣ ਸਕਣ ਦੀ ਕਾਬਲੀਅਤ???
ਇਸ ਰੱਤ ਰੰਗੀ ਸਦੀ 'ਚ ਕਿੰਨੇ ਕੁ ਕਤਰੇ ਖ਼ੂਨ ਡੋਹਲਾਂਗਾ ਮੈਂ????
ਤੇ ਡੁੱਲ੍ਹ ਚੁੱਕੇ ਖ਼ੂਨ 'ਚੋਂ ਕਿੰਨਾ ਕੁ ਮੈਨੂੰ ਆਪਣਾ ਲਗਦੈ?????
ਜਿੰਨ੍ਹਾਂ ਕਲਮਾਂ ਦੇ ਸਿਰ ਕਲਮ ਹੋਏ ਉਹ ਮੈਂ ਸਾਂ ਜਾਂ ਕੋਈ ਹੋਰ??????
ਮੇਰੀ ਇਕ ਅੱਖ ਪੂਰਬ, ਦੂਜੀ ਪੱਛਮ ਤੇ ਤੀਜੀ ਕਿੱਥੇ ਹੈ???????
ਇਹ ਸਭ ਕੁਝ ਮੇਰੇ ਬਾਗ਼ੀ ਕਦਮਾਂ ਨੂੰ ਜਦੋਂ ਚਾਹੇ ਪੁੱਛ ਸਕਦੇ ਹੋ
ਕੁੱਝ ਗੱਲਾਂ ਜੋ ਆਪਣੀਆਂ ਵਰਗੀਆਂ ਲਗਦੀਆਂ ਨੇ
ਉਹੀ ਦੱਸਣੀਆਂ ਨੇ ਮੈਂ
ਕੁਝ ਬੋਲ, ਜੋ ਆਪਣਿਆਂ ਵਰਗੇ ਲਗਦੇ ਨੇ
ਉਹੀ ਬੋਲਣੇ ਨੇ ਮੈਂ
ਤੁਸੀਂ ਜੋ ਹਰ ਰੋਜ਼ ਮੈਨੂੰ ਕੇਵਲ ਮੇਰਾ ਨਾਂ ਹੀ ਪੁੱਛਦੇ ਹੋ, ਸੁਣੋ :
ਫੱਕਰਾਂ ਦਾ ਕੋਈ ਨਾਂ ਨਹੀਂ ਹੁੰਦਾ!
(ਫੱਕਰਾਂ ਦਾ ਕੋਈ ਨਾਂ ਨਹੀਂ ਹੁੰਦਾ)

ਕੈਨੇਡਾ ਦੇ ਇਹਨਾਂ ਪੰਜਾਂ ਕਵੀਆਂ ਵਿਚ ਜੋ ਅਪੀਲ ਵਾਲੀ ਗੱਲ ਮੈਨੂੰ ਲੱਗੀ ਹੈ ਉਹ ਇਹਨਾਂ ਕਵੀਆਂ ਦਾ ਮਨੋਵਿਧਾਨ ਜੋ ਉਹ ਗੱਲਾਂ ਦੱਸਦਾ ਹੈ ਜੋ ਆਪਣੇ ਵਰਗੀਆਂ ਲਗਦੀਆਂ ਨੇ, ਉਹ ਬੋਲ ਬੋਲਦਾ ਹੈ ਜੋ ਆਪਣਿਆਂ ਵਰਗੇ ਲਗਦੇ ਨੇ।

(ਇਹ ਪਰਚਾ ਦਿੱਲੀ ਯੂਨੀਵਰਸਿਟੀ ਦੇ ਆਧੁਨਿਕ ਭਾਰਤੀ ਭਾਸ਼ਾਵਾਂ ਵਿਭਾਗ ਵਲੋਂ ਕੀਤੇ ਗਏ ਸੈਮੀਨਾਰ ਵਿੱਚ ਪੜ੍ਹਿਆ ਗਿਆ)

• ( DELHI, INDIA)

# ADVERTISEMENT SECTION

- We appreciate our advertisers for supporting our readers and we encourage our readers to support our advertisers.
- For 1983, the advertisement rates per issue are:

FULL PAGE: $100^{00}$; HALF PAGE: $50^{00}$ QUARTER PAGE: $25^{00}$

- Contact the members of Advertising & Circulation Board in your area:

| SATWANT DEEPAK | PAUL BINNING | LAAT BHINDER | IQBAL RAMUWALIA |
|---|---|---|---|
| EDMONTON | VANCOUVER | EDMONTON | TORONTO |
| 469-2444 | 879-3339 | 435-7469 | 745-7326 |


ਹਰ ਪਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਅਮਰੀਕ ਸੱਲ ਨੂੰ ਮਿਲੋ !

**FOR ALL YOUR REAL ESTATE NEEDS**
**Residential - Commercial - Investments**
**CONTACT: AMRIK SULL**
**PH. BUS: 585-2211**
**PH. RES: 581-6692**
**PAGER: 3748-687-7711**

Century 21®



AMRIK SULL

**10667 - 135 ST., SURREY, B.C. V3T 4E3**



# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

# 327-0295

5125 VICTORIA
DRIVE VANCOUVER



# Inflation-resistant Insurance

**BUS: 682-7531**

**RES: 254-5837**



**MAKE THAT CALL NOW**

Sudesh Kalia

## "I've got a plan to help you build a better tomorrow."

REDUCE YOUR INCOME TAX AND BUILT A GUARANTEED PENSION

## NORTH AMERICAN LIFE

1010-1090 West Georgia St., Vancouver.

# ASIA IMPORT HOUSE

EDMONTON



▼ SPECIALIZING IN:

- SAREES, SAREE FALLS
- CUSTOM MADE BLOUSES
- PETTICOATS, WOOLEN SHAWLS
- EXCLUSIVE SUIT SELECTION
- RUMALAS
- HARS, HAIR FIXER
- GOTA, BEARD NETS
- ARTIFICIAL JEWELRY
- TURBANS IN FANCY COLOURS

- EAST INDIAN, WEST INDIAN & FIJIAN GROCERY
- TROPICAL FRESH VEGETABLES AVAILABLE AT ALL TIMES

**PHONE: 439-4159 or 439-5261, FOR OUT OF TOWN ORDERS**

**▼ LISTENER'S CHOICE:**

**INDIAN RECORDS, TAPES, VIDEO FILMS & VIDEO RECORDERS**


**FOR FRIENDLY SERVICE — VISIT US...**

## ASIA IMPORT HOUSE

7912 - 104 STREET
EDMONTON, ALBERTA
439-4159
439-5261

TIPASKAN CENTRE
3230 - 82 STREET
EDMONTON, ALBERTA
468-6749

Listen to our **MADHUBAN** Radio Program
every Thursday Night on Radio CKER (1480 AM)
8:00 p.m. to 9 p.m.



## RED FORT INSURANCE SERVICES

111 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

# HARJIT JUDGE

**BUS. 463-9523** **RES. 462-2371**

**Let me look after all your Insurance Needs:**

**PERSONAL: Fire, Auto, Motor, Tenant Package**

**LIFE INSURANCE: Mortgage, Disability and Accident & Sickness.**

**COMMERCIAL: Bonding, Liability, Fires, Crime, Apartment Buildings, Retail Stores, Offices, Machinery, Boilers.**



# Millhurst Hair Stylists (Unisex)

**5734 - 19 A AVE, EDMONTON**

SPECIALIZED IN:

i) Haircut ii) Blow Dry iii) Colour
iv) Perms v) Henna vi) French Braids

**PHONE:**

## DARSHAN DHILLON

**FOR APPOINTMENT (463-5012)**

# GIVE THE LADY OF THE HOUSE A BREAK AND LEAVE THE COOKING TO ANNAPOORNA

- FOR SAMOSA, GOLGAPPE, KACHORI and a variety of sweets please visit ANNAPOORNA.
- Lunch & Dinner also available for as low as $1.99 per meal.
- For DELECIOUS HOME-COOKED VEGETARIAN FOOD, COME TO ANNAPOORNA.

## PHONE 462-1249

# ANNAPOORNA

EAST INDIAN VEGETARIAN RESTAURANT

**9303-34 AVE., EDMONTON**

# MOONLIGHT STEAM CLEANERS

## EDMONTON, ALBERTA
## PHONE (24 HRS.) - PIARA PARMAR (463-9702)

FOR ALL YOUR CLEANING NEEDS

- CARPETS
- UPHOLSTERY
- AUTO INTERIOR (CARS, VANS, CAMPERS)
- SCOTCH—GUARDING (ON REQUEST)
- FLOOD CLEANUPS
- FIRE RESTORATION
- DEODORIZING
- 100% SATISFACTION GUARANTEED (*in writing*)
- INSURED & BONDED FOR YOUR PROTECTION
- OWNER OPERATED
- FREE ESTIMATES

**CALL TODAY TO EXTEND THE LIFE OF YOUR CARPET & FURNITURE**

**CHANA** **MASONRY LTD**

ਚਾਨਾ
ਮੇਸਨਰੀ
ਲਿਮਟਿਡ

9823-80 AVE GRANDE PRAIRIE 532-1246

## CHANA MASONRY LTD.

9823 - 80TH AVENUE - GRANDE PRAIRIE, ALBERTA T8V 3S5 - PHONE (403) 532-1246

- **RESIDENTIAL**
- **COMMERCIAL**
- **BRICK AND BLOCK**

# HIMALAYA RESTAURANT LTD.

6595 Main Street
Phone: 324-6514

2313 Main Street, (LICENSED PREMISES)
Phone: 876-2911

VANCOUVER, B.C.



## PABLA'S VIKING INN

**828 East Hastings**
**Call 324 - 6514**



KEWAL SINGH PABLA

JAGMOHAN SINGH PABLA

Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.

ਮਠਿਆਈ ਦੀ ਮਸ਼ਹੂਰ ਦੂਕਾਨ

# S&S Insurance SERVICES

(FORMERLY KINGSGATE INSURANCE)

**6679 MAIN STREET - 2nd FLOOR (at 51st. Ave)**
**VANCOUVER, B.C.**

TEL: 324-2311

**GET YOUR autoplan AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***
- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

***Income Tax Services also available***

## DOSANJH & PIRANI

LAWYERS

ਐਕਸੀਡੈਂਟਾਂ ਵਿੱਚ ਸੱਟਾਂ ਲੱਗਣ ਤੇ ਇਨਸ਼ੌਰੈਂਸ ਦੇ ਕੇਸਾਂ ਲਈ ਫੋਨ ਕਰੋ ਅਤੇ ਮਿਲੋ:

ਵਕੀਲ

ਉਜੱਲ ਦੋਸਾਂਝ ਅਤੇ ਮਹਿਬੂਬ ਪਿਰਾਨੀ

#202 - 5887 VICTORIA DR.
VANCOUVER, B.C.

PHONE: 327-6381

## VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**

KENNY K. H. NG B.Sc. (PHARM.)
R.P.E.B.C.

PAUL C. Y. FU B.Sc. (PHARM.)
R.P.E.B.C.

**6407 MAIN ST.
VANCOUVER, B.C.**

## PAUL'S

*PLUMBING & ELECTRICAL SUPPLY*



DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB. SO DROP IN AND
*CONTACT PAUL AT:*

4774 MAIN ST. (At 32nd) VANCOUVER, B.C.

**PH: 872-3118** (Supply)
**872-7227** (Service)

## MOONLIGHT

*CARPETS CLEANED BY PROFESSIONALS:*



**25%**
OFF REG. PRICE

DEEP STEAM CLEANING, MOST MODERN EQUIPMENT

ਆਮ ਕੀਮਤਾਂ ਵਿਚੋਂ 25% OFF

ਬਹੁਤ ਵਧੀਆ ਕੰਮ ਤੇ ਵਾਜਬ ਰੇਟ
ਹੋਰ ਜਾਣਕਾਰੀ ਲਈ ਫਨ ਕਰੋ

321-2029 or 324-1015

MOONLIGHT BUILDING MAINTENANCE
8167 MAIN ST., VANCOUVER, B.C. V5X 3L2

"ONE-STOP" GROCERY CENTRE

# Victoria Food Centre

## FIGURE ON SAVINGS

WHEN YOU FOOD SHOP HERE

## *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF RECORDS & 8-TRACKS**

**SPECIAL OFFER:**

**ALL SIZES HEAVY-BOTTOM PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**

**LOWEST PRICES —PURE & FRESH QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

# ਬੰਬੇ ਸਵੀਟ ਮੈਨੂਫੈਕਚਰਰ

## FOR LARGEST VARIETY IN INDIAN SWEETS

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

*OUR TEMPTATIONS.*

Largest Variety in Indian Sweets

Burfi - Laddo - Rasgulas - Gulab Jamuns - Masu - Pinnis

**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ...

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼੍ਰੀਦਣ ਲਈ

**ਸ਼ੁਕਲਾ ਬ੍ਰਾਦਰਜ਼**

**4405 MAIN ST. (AT 28TH. AVE)**
**VANCOUVER — TEL. 874-5722**



Manager: SHUKLA

ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ
ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ
**6545 MAIN ST., (NEAR 49TH. AVE)** ਦੇ ਕੋਲ ਖੋਲ੍ਹ ਦਿੱਤੀ ਹੈ

**321-1414**

**WE ARE OPEN EVERY DAY 9 A.M. TO 9:30 P.M.**

# BOMBAY SWEET MANUFACTURER

# ISLAND INSURANCE AGENCY LTD.

**Before You Insure It**
**Or Renew Your Existing Policy**
**See Us First**

ਹਰ ਕਿਸਮ ਦੇ ਬੀਮੇ ਲਈ ਤੁਹਾਡੇ
ਸੁੱਘੜ ਅਤੇ ਤਜਰਬੇਕਾਰ ਸਹਾਇਕ
ਮਲਕੀਤ ਸਿੰਘ ਅਠਵਾਲ



**WE OFFER A COMPLETE INSURANCE SERVICE 12 MONTHS A YEAR.**

* Need Life Insurance
* Accident and Sickness Policy
* Business
* Commercial: Big or Small I Can Handle All
* Homeowner
* R.R.S.P.
* Travel Insurance
* And All Other Kinds of Insurance Needs

**MALKIAT SINGH ATHWAL**
FIELD MANAGER

**BUS: 278-3707**
**278-2515**
**RES: 271-1490**

***For All Your Insurance Needs***

## Give me a call 'n see the difference

**COMPLETE INSURANCE SERVICE SINCE 1917**

## ISLAND INSURANCE AGENCY LTD.

6700 No. 3 Road Phone 278-2515
Richmond, B.C. V6Y 2C3

WATNO DUR
P.O. Box 9545
Edmonton, Alberta, T6E 5X2

Second Class Mail Reg. No. 3233

ਫਰੰਟੀਅਰ ਕਲਾਥ ਹਾਊਸ

**SPECIALISTS IN SAREES AND DRESS MATERIALS**






NEW DESIGNS
& NEW FASHIONS

# SAREES

# FRONTIER CLOTH HOUSE LTD.

6695 MAIN ST. (at 51st Ave.),
VANCOUVER, B.C., CANADA V5X 3H3
Phone: 325-4424 or 325-3515

**We have the largest variety in Punjabi suits both in designs & Quality**

# JAPAN SAREE CENTRE

6672 Main St. at 51st. Ave. Vancouver (Ph. 325-3515)